# ਵਰਿਆਮ

ਸਤੰਬਰ ੧੯੯੧

## ਗੁਰ ਦਰਸਨੁ ਦੇਖਿ ਨਿਹਾਲੀ



**ਸਤਿਗੁਰੂ ਜਗਜੀਤ ਸਿੰਘ ਜੀ**

ਆਸਟ੍ਰੇਲੀਆ ਤੋਂ ਵਾਪਸ ਆ ਕੇ ਸ੍ਰੀ ਭੈਣੀ ਸਾਹਿਬ ਵਿਖੇ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ।

ਚਰਚਾ ਅੰਦਰ ਪੜ੍ਹੋ ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਅੰਬਰ ਬਿਸਕੁਟ ਪ੍ਰਾ: ਲਿ:
ਹੈਦਰਾਬਾਦ

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

**AMBER BISCUITS Pvt. Ltd.**
SANTOSH NAGAR, X'ROAD, HYDERABAD-500035 INDIA


Sri Satguru Jagjit Singh Ji eLibrary NamdhariElibrary@gmail.com

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI
ALL KINDS OF MARBLE STONE SUPPLIERS
**WZ-2, Mansarover Garden, Ring Road,**
**NEW DELHI-110015**

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office & Resi. 58795

## ਸੱਗੂ ਆਇਰਨ ਇੰਡਸਟਰੀਜ਼

ਪੁਰਾਣੀ ਰੇਲਵੇ ਰੋਡ, ਜਲਧਰ ।

Specialists in :
Sugar Mill Spare, Solvent Plant Spares, Textile Mill Spares
& Distillery Spares

## SAGGU IRON INDUSTRIES

**Old Railway Road, JALANDHAR CITY.**
Partner : S. Puran Singh Saggu

Phone : 3040
Code : 01824

For Fitting Diesel Engines in
Foreign and Indian Cars bodies Contact

## Amarjit Motor Garage

**G.T. Road,**
**Opp. Jalandhar Octroi Post,**
**PHAGWARA (Pb.)**
Specialists in :
Mercedes Benz Car Repairing

Manufacturers of :
WOODEN & PLY PACKING CASES

## PARTAP PACKERS

**B-204, Mansrover Garden**
**NEW DEHLI-110015.**



Sri Satguru Jagjit Singh Ji eLibrary NamdhariElibrary@gmail.com

Manufacturers of :
Solvent Extraction Plant
and Cattle Feed Plant Accessories

**Matharu Engineering Works**

Sultanpur Road,
Near Charbatti Chowk,
KAPURTHALA.
P.O. Box No. 64,
Phone : 2027
Partner-S. Swaran Singh Matharu

ਹਰ ਤਰ੍ਹਾਂ ਦੇ ਸੰਗੀਤ ਦੇ ਸਾਜਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ।
ਫੋਨ : 59869

TRADE **OSTER KNIT** MARK
**Top in Fashion Craze Knit**
Manufacturers :
Gents Pullovers, Ladies Cardigon in
Pure Wool and Summer Garments
in Acryl Fabrics

**UDEY KNITWEARS**

Street No. 3, Jammu Colony,
LUDHIANA-3.
Hello : Off. 36349, 36338, Resi. 32449
Grams : "Udey Knitwears"

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ।

*ਅਪਨੀ ਕਿਰਪਾ ਧਾਰੀ*
*ਤਿਨਿ ਸਗਲੀ ਬਾਤ ਸਵਾਰੀ*

Specialists in : 'A' Class Decoration for
Marriages Parties & Govt. Functions

**Namdhari Tent House**

53, Hamidia Road Near Alpana Talkies,
BHOPAL (M.P.)

ਡੱਬਲ ਬੈਡੱ, ਸੋਫਾ ਸੈਟ, ਡਾਈਨਿੰਗ ਸੈਟ, ਗੋਲ ਮੇਜ਼
ਅਤੇ ਹੋਰ ਫਰਨੀਚਰ ਦੇ ਸਮਾਨ ਵਾਸਤੇ
ਦਰਸ਼ਨ ਦਿਓ

**ਸੂਰਤ ਸਿੰਘ ਐਂਡ ਸਨਜ਼**

ਸਾਹਮਣੇ ਗੁਰੂ ਰਵੀਦਾਸ ਸਕੂਲ,
ਕਿਸ਼ਨਪੁਰਾ, ਜਲੰਧਰ-੧੪੪੦੦੪.



Sri Satguru Jagjit Singh Ji eLibrary NamdhariElibrary@gmail.com

https://archive.org/details/namdhari

GOLD MEDAL WINNER (1982-1983)

# JAYSON®

## ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:

**Jayson Electric Co. (Regd.)**

WH-2, Phase-1, Sat Guru Ram Singh Marg,
Maya Puri Indl. Area, New Delhi-110064
Phones: 594536,532536 Resi.501634

# JANTA

## HYDRAULIC PRESSES



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

Manufacturers of:-




* SONY
* EAGLE
* VIZLA

**PRESSURE COOKERS**

Phone: 5417155

**N.J. INDUSTRIES**

F-99, Bali Nagar, New Delhi-110015

*Narender Singh* Prop.



Sri Satguru Jagjit Singh Ji eLibrary NamdhariElibrary@gmail.com

https://archive.org/details/namdhari











Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਸਤੰਬਰ—੧੯੯੧ ਜਿਲਦ—੧੬ ਅੰਕ—੧੧

ਤਤਕਰਾ

ਗੁਰਦਰਸਨ ਦੇਖਿ ਨਿਹਾਲੀ
—ਜਗਦੀਸ਼ ਸਿੰਘ ੫
ਆਸਟਰੇਲੀਆ ਅਖਬਾਰਾਂ ਦੇ ਝਰੋਖੇ 'ਚੋਂ ੭
ਸ੍ਰੀ ਭੈਣੀ ਸਾਹਿਬ : ਵਿਸ਼ੇਸ਼ ਮਹੱਤਤਾ ੯
ਨਾਮ ਦੀ ਮਹਿਮਾ —ਤੁਲਸੀ ਦਾਸ ੧੨
ਪੰਜਾਬ : ਸੰਤ ਸੰਧੂ ੧੩
ਡਿੱਠਾ ਕੋਈ ਨਾ ਗੁਰੂ ਪ੍ਰਤਾਪ ਵਰਗਾ ੧੪
ਜ਼ਖਮੀ ਸਾਰੰਗੀ—ਹਰਜੀਤ ਸਿੰਘ ੧੫
ਸਮਰਪਿਤ ਚਰਿਤਰ [ਬੀਬੀ ਮਹਿੰਦਰ ਕੌਰ ਸ਼ਰਧਾਂਜਲੀ]
—ਪ੍ਰੀਤਮ ਸਿੰਘ ਕਵੀ ੧੭
ਨਾ ਤੇਰੀ ਯਾਦ ਸਤਾਵੇ
—ਤਰਲੋਕ ਸਿੰਘ ਚਾਵਲਾ ੧੮
ਦੇਸ਼ ਆਜ਼ਾਦੀ ਦਾ ਸੰਘਰਸ਼
—ਮਾ. ਨਿਹਾਲ ਸਿੰਘ ੨੦
ਨੈਪਾਲ ਵਿਚ ਨਾਮਧਾਰੀ ਮਿਸ਼ਨ
—ਨਾਹਰ ਸਿੰਘ ੨੩
ਨਜ਼ਮਾਂ—ਆਸਫ ਸ਼ਾਹਕਾਰ ੨੫
...ਕਾਂ 'ਚ ਤੈਰਦੇ ਪਲ—ਬਲਬੀਰ ਪਰਵਾਨਾ ੨੫
...ਤਬੀ—ਅਜਾਇਬ ਸਿੰਘ ੨੫
...ਟੀ—ਅਜੀਤ ਸਿੰਘ ਚੀਮਾ ੨੬
...ਤਾ ਦੀ ਸੁਣੋ—ਜਸਵੰਤ ਸਿੰਘ ਰਾਹੀ ੨੬
...ੀ ਸਾਹਿਬ 'ਚ ਸ਼ਹੀਦੀ ਮੇਲਾ ੨੭
...ਪਣਾ ਹੀ ਰਿਕਾਰਡ ਭੰਜਕ : ਬੁਬਕਾ
—ਜਸਪਾਲ ਸ਼ੇਤਰਾ ੨੮
...ੀਕਰਮ ੩੦

ਵਰਿਆਮ ਦੇ ਦਰ

| | |
|---|---|
| ...ਕ ਪ੍ਰਤੀ | ੫.੦੦ ਰੁਪਏ |
| ...ਲਾਨਾ ਚੰਦਾ | ੫੦.੦੦ ,, |
| ...ਨ ਸਾਲ ਵਾਸਤੇ | ੧੨੦.੦੦ ,, |
| ...ਰ ਸਾਲ ਵਾਸਤੇ | ੧੭੦.੦੦ ,, |
| ...ਜ ਸਾਲ ਵਾਸਤੇ | ੨੦੦.੦੦ ,, |
| ...ਮਰ ਭਰ ਵਾਸਤੇ | ੫੦੦.੦੦ ,, |
| ...ਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ |

...ਫਤਰ ਦਾ ਪਤਾ :
...ਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੋਰ ਮਿਲ)
ਜਲੰਧਰ ੧੪੪੦੦੧

Office Address
Monthly WARIAM
(Punjabi)
Ladowali Road,
(Near Madan Flour Mill
Jalandhar-14401

ਫੋਨ : ਦਫਤਰ : ੫੭੪੫੬, ੫੮੨੪੪ ] ਪੀ.ਪੀ.
ਘਰ : ੫੬੨੮੯

# ਗੁਰ ਦਰਸਨੁ ਦੇਖਿ ਨਿਹਾਲੀ

ਗੁਰੂ ਦੇ ਵਿਛੋੜੇ ਦੀ ਪੀੜ, ਮਿਲਣ ਦੀ ਸਿੱਕ ਅਤੇ ਮਿਲਾਪ ਦੀ ਸੰਤੁਸ਼ਟੀ ਬਾਰੇ ਗੁਰਬਾਣੀ 'ਚ ਬਹੁਤ ਸ਼ਬਦ ਹਨ। ਇਕ ਘੜੀ ਦਾ ਵਿਛੋੜਾ ਕਲਿਜੁਗ ਦੇ ਸਮਾਨ ਵੀ ਕਿਹਾ ਗਿਆ, ਖੰਭ ਲਾ ਕੇ ਉਡ ਕੇ ਮਿਲਣ ਦੀਆਂ ਗਲਾਂ ਵੀ ਕੀਤੀਆਂ ਹਨ ਅਤੇ ਖ਼ਾਰੇ ਸਮੁੰਦਰਾਂ ਨੂੰ ਚੀਰ ਕੇ ਮਿਲਣ ਦਾ ਵੀ ਵਰਨਣ ਕੀਤਾ ਹੈ।

ਇਹਨਾਂ ਮਨੋਭਾਵਾਂ ਬਾਰੇ ਅੰਕਿਤ ਗੁਰਬਾਣੀ ਦੇ ਪਾਠ ਅਣਗਿਨਤ ਵਾਰ ਪੜੇ ਸੁਣੇ ਅਤੇ ਗਾਏ ਵੀ ਜਾਂਦੇ ਹਨ। ਇਹਨਾਂ ਦੀ ਵਿਆਖਿਆ ਤੇ ਦੀਵਾਨ ਸਜਦੇ ਹਨ ਪੁਸਤਕਾਂ ਲਿਖੀਆਂ ਜਾਂਦੀਆਂ ਹਨ।

ਪਰ ਇਹਨਾਂ ਨੂੰ ਸਹੀ ਅਰਥਾਂ ਵਿਚ ਕੌਣ ਮਹਿਸੂਸ ਕਰਦਾ ਹੈ? ਲੋਕ ਮੁਹਾਵਰਾ ਹੈ ਲੱਗੀਆਂ ਵਾਲੇ ਜਾਣਦੇ ਬੇਦਰਦਾਂ ਨੂੰ ਕੀਹ। ਪਿਛਲੇ ਦਿਨੀਂ ਗੁਰੂ ਤੇ ਸਿਖ ਦੇ ਅਤਿ ਸੂਖਮ ਰਿਸ਼ਤੇ ਦੀ ਪਿਆਰ ਤੰਦ ਦਾ ਪ੍ਰਗਟਾ ਸਹਿਜ ਸੁਭਾਅ ਹੋ ਗਿਆ। ਕੋਈ ਲੈਕਚਰ ਵਿਖਿਆਨ ਸੰਗੀਤ ਜਾਂ ਪੁਸਤਕ ਰੂਪ 'ਚ ਨਹੀਂ ਬਲਕਿ ਦਿਲਾਂ 'ਚੋਂ ਆਪ ਮੁਹਾਰੇ ਫੁਟੇ ਵੇਗ ਦੇ ਰੂਪ ਵਿਚ :

ਗਲ ਇਹ ਹੋਈ ਕਿ ਸਤਿਗੁਰੂ ਜਗਜੀਤ ਸਿੰਘ ਜੀ, ਹਿਰਦੇ ਦਾ ਬਾਈਪਾਸ ਸਰਜਰੀ ਰਾਹੀਂ ਆਪਰੇਸ਼ਨ ਕਰਾਉਣ ਆਸਟਰੇਲੀਆ ਗਏ ਸਨ। ਦਖਣੀ ਆਸਟਰੇਲੀਆ ਦੇ ਐਡੀਲੇਡ ਸ਼ਹਿਰ ਵਿਚ ਰਾਇਲ ਐਡੀਲੇਡ ਹਸਪਤਾਲ ਵਿਚ ਇਹ ਅਪਰੇਸ਼ਨ ਹੋਣਾ ਸੀ। ਥਾਈਲੈਂਡ ਵਿਚ ਹਿਰਦੇਰੋਗ ਦੇ ਪ੍ਰਸਿਧ ਨਾਮਧਾਰੀ ਡਾਕਟਰ ਨਰਿੰਦਰਪਾਲ ਸਿੰਘ ਨੇ ਸਫਾਰਸ਼ ਕੀਤੀ ਸੀ ਕਿਉਂਕਿ ਇਸ ਹਸਪਤਾਲ ਦੇ ਡਾਕਟਰ ਰੌਸ ਜਾਂ ਰਾਸ ਨੇ ਸਤਿਗੁਰੂ ਜੀ ਦੀਆਂ ਇਹ ਸ਼ਰਤਾਂ ਪਰਵਾਨ ਕੀਤੀਆਂ ਸਨ ਕਿ ਸਰੀਰ ਦੇ ਵਾਲ ਨਹੀਂ ਕਟੇ ਜਾਣਗੇ ਅਲਕੋਹਕ ਨਹੀਂ ਵਰਤੀ ਜਾਵੇਗੀ ਖੂਨ ਨਹੀਂ ਦਿਤਾ ਜਾਵੇਗਾ ਅਤੇ ਮਰਦ ਕੰਪਾਊਡਰ ਹੀ ਇਸਤਰੀ ਨਰਸਾਂ ਦੀ ਥਾਂ ਸੇਵਾ ਕਰਨਗੇ।

ਆਪਰੇਸ਼ਨ ੬੩ ਮਿੰਟਾਂ ਵਿਚ ਪੂਰਾ ਹੋ ਗਿਆ। ਵਚਿਤਰ ਗਲ ਇਹ ਸੀ ਕਿ ਸਤਿਗੁਰੂ ਜੀ ਦੇ ਸਰੀਰ ਦਾ ਵਜ਼ਨ ਵੀ ਪੂਰਾ ਰਿਹਾ ਅਤੇ ਜ਼ਖਮਾਂ ਨੂੰ ਆਰਾਮ ਵੀ ਹੈਰਾਨੀ-ਜਨਕ ਤੌਰ ਤੇ ਜਲਦੀ ਆ ਗਿਆ।

ਆਸਟਰੇਲੀਆ ਦੀਆਂ ਅਖਬਾਰਾਂ ਵਿਚ ਕਾਫੀ ਚਰਚਾ ਹੋਇਆ ਹੈ। ਉਪਲਭਧ ਅਖਬਾਰਾਂ ਦੀਆਂ ਰਿਪੋਰਟਾਂ ਵਖਰੀ ਥਾਂ ਪ੍ਰਕਾਸ਼ਿਤ ਵੀ ਕਰ ਰਹੇ ਹਾਂ।


Sri Satguru Jagjit Singh Ji eLibrary NamdhariElibrary@gmail.com

ਅੱਜ ਕਲ ਸਰਜਰੀ ਏਨੀ ਤਰੱਕੀ ਕਰ ਗਈ ਹੈ ਕਿ ਬੜੇ ਬਾਰੀਕ ਅਪਰੇਸ਼ਨ ਕਰ ਲਏ ਜਾਂਦੇ ਹਨ। ਜਦੋਂ ਨਾਮਧਾਰੀ ਸੰਗਤਾਂ ਨੂੰ ਆਪਰੇਸ਼ਨ ਦਾ ਪਤਾ ਲਗਾ ਤਾਂ ਕੁਲ ਦੁਨੀਆ ਵਿਚ ਨਾਮਧਾਰੀਆਂ ਨੇ ਨਾਮ ਸਿਮਰਨ ਦੀਆਂ ਵਰਨੀਆਂ ਅਤੇ ਗੁਰਬਾਣੀ ਪਾਠਾਂ ਦਾ ਪਰਵਾਹ ਚਲਾ ਦਿਤਾ। ਸ੍ਰੀ ਭੈਣੀ ਸਾਹਿਬ ਵਿਚ ਸਾਰਾ ਦਿਨ ਨਿਰੰਤਰ ਦੀਵਾਨ ਲਗਾ ਰਿਹਾ। ਆਪਣੇ ਸਤਿਗੁਰੂ ਦੇ ਦਰਸ਼ਨਾਂ ਵਾਸਤੇ ਬਿਹਬਲਤਾ ਦੀ ਇਕ ਕਾਂਗ ਆ ਗਈ।

ਸਤਿਗੁਰੂ ਜੀ ਤਾਂ ਜਲਦੀ ਆਸਟਰੇਲੀਆ ਤੋਂ ਥਾਈ-ਲੈਂਡ ਆ ਗਏ ਜਿਥੇ ਨਾਮਧਾਰੀ ਸੰਗਤਾਂ ਨੂੰ ਦਰਸ਼ਨ ਪਰਸਨ ਦਾ ਸੁਨਹਿਰੀ ਅਵਸਰ ਸੁਤੇ ਸਿਧ ਹੀ ਮਿਲਿਆ ਰਿਹਾ।

ਦੇਸ਼ ਵਾਪਸ ਸਤਿਗੁਰੂ ਜੀ ੩੧ ਅਗਸਤ ੧੯੯੧ ਨੂੰ ਪੁੱਜੇ ਤਾਂ ਦਿਲੀ ਹਵਾਈ ਅੱਡੇ ਤੇ ਸੇਵਕਾਂ ਦਾ ਠਾਠਾਂ ਮਾਰਦਾ ਸਮੁੰਦਰ ਸੀ। ਭੂਤ ਪੂਰਵ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ, ਸ: ਹਰਵਿੰਦਰ ਸਿੰਘ ਹੰਸਪਾਲ ਅਤੇ ਹੋਰ ਸੰਗਤਾਂ ਸਵਾਗਤ ਲਈ ਹਾਜ਼ਰ ਸਨ। ਭਾਵੇਂ ਸਤਿਗੁਰੂ ਜੀ ਅਜਿਹੇ ਸੁਆਗਤੀ ਪ੍ਰਯੋਜਨਾਂ ਦੇ ਹੱਕ ਵਿਚ ਨਹੀਂ ਪਰ ਦਿਲੀ, ਸਰਸਾ ਲੁਧਿਆਣਾ ਹਵਾਈ ਅੱਡਿਆਂ ਤੇ ਅਮਿਣਵਾਂ ਅਤੋਲਵਾਂ ਸੁਆਗਤ ਹੋਇਆ। ਸ਼ਕੂਟਰਾਂ, ਮੋਟਰ ਕਾਰਾਂ, ਟਰਾਲੀਆਂ ਟਰੱਕਾਂ ਦਾ ਪਾਰਾਵਾਰ ਨਹੀਂ ਸੀ।

ਅੰਤ ਸਿਮ੍ਰਤੀ ਮੰਦਰ ਸ੍ਰੀ ਭੈਣੀ ਸਾਹਿਬ ਦੇ ਉਚੇ ਮੰਚ ਤੋਂ ਸ਼ਤਿਗੁਰੂ ਜੀ ਨੇ ਸੰਗਤਾਂ ਨੂੰ ਦਰਸ਼ਨ ਦਿਤੇ ਤਾਂ ਗੁਰਬਾਣੀ ਦੀਆਂ ਤੁਕਾਂ ਨਾਲ ਸਿਖਾਂ ਦੇ ਹਿਰਦੇ ਨਿਹਾਲ ਹੋਏ ਪਏ ਸਨ।

ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ
ਨਾਮੁ ਜਪੰਦੜੀ ਲਾਲੀ।
ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ
ਗੁਰ ਦਰਸਨੁ ਦੇਖਿ ਨਿਹਾਲੀ

ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦ ਤੋਂ ਫੁਰਮਾਇਆ।

"ਸਾਰੇ ਸੰਸਾਰ ਵਿਚ ਨਾਮਧਾਰੀ ਸਿੱਖਾਂ ਨੇ ਆਖੰਡ ਪਾਠ, ਭਜਨ ਬਾਣੀ ਤੇ ਵਰਨੀਆ ਆਦਿ ਕਰਕੇ ਮੇਰੀ ਸਿਹਤ ਦੀ ਤੰਦਰੁਸਤੀ ਵਾਸ਼ਤੇ ਅਰਦਾਸਾਂ ਕੀਤੀਆਂ ਹਨ ਜਿਸ ਨਾਲ ਮੈਨੂੰ ਆਪ੍ਰੇਸ਼ਨ ਦੌਰਾਨ ਕੋਈ ਤਕਲੀਫ ਨਹੀਂ ਹੋਈ ਤੇ ਮੈਂ ਸਤਿਗੁਰੂ ਸਚੇ ਪਾਤਸ਼ਾਹ ਜੀ ਦੀ ਕ੍ਰਿਪਾ ਨਾਲ ਬਿਲਕੁਲ ਠੀਕ ਠਾਕ ਰਿਹਾ ਹਾਂ।

"ਕਹੁ ਨਾਨਕ ਕਰਤੇ ਕੀਆ ਬਾਤਾ
ਜੋ ਕਿਛੁ ਕਰਨਾ ਸੋ ਕਰ ਰਹਿਆ।"

ਆਖ ਕੇ ਸਾਧ ਸੰਗਤ ਨੂੰ ਤਕੜੇ ਹੋ ਕੇ ਭਜਨ ਬਾਣੀ ਕਰਨ ਦਾ ਹੁਕਮ ਕੀਤਾ।




**FOR**

**MUSICAL INSTRUMENTS & SPORTS GOODS**

—ਸੰਗੀਤ ਦੇ ਹਰ ਪ੍ਰਕਾਰ ਦੇ ਵਧੀਆ ਸਾਜ਼

**(Harmonium, Sitar, Violin, Guitar Tabla Etc.)**

—ਖੇਡਾਂ ਦੇ ਹਰ ਪ੍ਰਕਾਰ ਦੇ ਵਧੀਆ ਸਾਮਾਨ

**(Indoor Games, Educational Games & Skates)**

—ਪੇਚ **(Wood Screws)**



**Vikram A.S. Enterprises**

**Inderprasth, New Railway Road,**

**Jalandhar-144001 (India)**

*ਵਿਕਰਮ ਏ. ਐਸ. ਐਨਟ੍ਰਪ੍ਰਾਈਜ਼ਿਜ਼*

**ਇੰਦਰ ਪ੍ਰਸਥ, ਨਵੀਂ ਰੇਲਵੇ ਰੋਡ,**

**ਜਲੰਧਰ-੧੪੪੦੦੧.**





Sri Satguru Jagjit Singh Ji eLibrary NamdhariElibrary@gmail.com

# ਆਸਟਰੇਲੀਅਨ ਅਖਬਾਰਾਂ ਦੇ ਝਰੋਖੇ 'ਚੋਂ

ਦੱਖਣੀ ਆਸਟਰੇਲੀਆ ਦੀਆਂ ਅਖਬਾਰਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਹਿਰਦੇ ਦੇ ਸਫ਼ਲ ਆਪਰੇਸ਼ਨ ਬਾਰੇ ਤਸਵੀਰਾਂ ਅਤੇ ਖਬਰਾਂ ਪ੍ਰਕਾਸ਼ਤ ਹੋਈਆਂ ਹਨ। ਸਾਨੂੰ ਉਪਲਬਧ ਹੋਏ ਦੋ ਸਮਾਚਾਰ ਪੱਤਰਾਂ ਦੀਆਂ ਰਿਪੋਰਟਾਂ ਦਾ ਪੰਜਾਬੀ ਅਨੁਵਾਦ ਛਾਪ ਰਹੇ ਹਾਂ।

—ਸੰਪਾਦਕ

## ਵੀਕ ਐਂਡ ਨਿਊਜ਼

ਅਖਬਾਰ 'ਦੀ ਵੀਕ ਐਂਡ ਨੀਊਜ਼' ਐਡੀਲੇਡ ਦੇ ੨੯ ਜੁਲਾਈ ੧੯੯੧ ਦੇ ਮੁਖ ਪੰਨੇ ਦੇ ਧੁਰ ਉਪਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਕਾਂ ਵਿਚ ਬੈਠਿਆਂ ਦੀ ਚਾਰ ਕਾਲਮੀ ਤਸਵੀਰ ਲੱਗੀ ਹੈ। ਤਸਵੀਰ ਦੇ ਉਪਰ ਸਿਰਲੇਖ ਹੈ: **ਆਰ.ਏ.ਐਚ.* ਦੀ ਟੀਮ ਲਖੂਖਾਂ ਸਿੱਖਾਂ ਦੇ ਧਾਰਮਕ ਰਹਿਨੁਮਾ ਦੀ ਬਾਈਪਾਸ ਸਰਜਰੀ ਕਰਦੀ ਹੈ**

R A H team perfoms bypass surgrry on religious leader of milliens of Sikhs.

ਤਸਵੀਰ ਦੇ ਥੱਲੇ ਲਿਖਿਆ ਹੈ, ਹਿਜ਼ ਹੋਲੀਨੈਸ ਸਤਿਗੁਰੂ ਜਗਜੀਤ ਸਿੰਘ ਜੀ (ਸੱਜੇ) ਆਪਣੇ ਪੈਰੋਕਾਰਾਂ (ਸੇਵਕਾਂ) ਨਾਲ ਐਡੀਲਡ ਵਿਚ।

His Holiness Satguru Jagjit Singh ji (right) attended ley some of his followers in Adelaide.

**ਦੱਖਣੀ ਆਸਟਰੇਲੀਆ ਪਾਵਨ ਪੁਰਖ ਅਗੇ ਦਿਲ ਖੋਲਦਾ ਹੈ।**

S.A. opens heart to holyman.

ਪੱਤਰਕਾਰ ਜਿਆਫ ਜੋਨਸ ਦੀ ਵਿਸ਼ੇਸ਼ ਇਸੇ ਅਖਬਾਰ ਲਈ ਖਬਰ ਇਵੇਂ ਹੈ।

ਰਾਇਲ ਐਡੀਲੇਡ ਦੇ ਸੰਸਾਰ ਪ੍ਰਸਿੱਧ ਹਿਰਦੇ ਰੋਗਾਂ ਦਾ ਇਲਾਜ ਕਰਣ ਵਾਲੇ ਵਿਭਾਗ ਵਿਚ ਇਕ ਸਫਲ ਚਾਰਪਰਤੀ ਬਾਈਪਾਸ** ਬਾਅਦ ਦੁਨੀਆਂ ਦੇ ਇਕ ਪ੍ਰਮੁਖ ਧਾਰਮਕ ਆਗੂ ਲਖੂਖਾਂ ਸਿੱਖਾਂ ਦੇ ਰਹਿਨੁਮਾ ਸਹਿਤਯਾਬ ਹੋ ਰਹੇ ਹਨ। ਉਹ ਹਨ ਨਾਮਧਾਰੀ ਸਿੱਖਾਂ ਦੇ ੭੧ ਸਾਲਾ ਰਹਿਨੁਮਾ ਪਰਮਪਾਵਨ ਸਤਿਗੁਰੂ ਜਗਜੀਤ ਸਿੰਘ ਜੀ। ਜਿਹਨਾਂ ਦੀ ਸਰਜਰੀ ੧੯ ਜੁਲਾਈ ਨੂੰ ਕੀਤੀ ਗਈ। ਸਤਿਗੁਰੂ ਸਿੰਘ ਨੇ ਆਰ.ਏ.ਐਚ. ਨੂੰ ਇਕ ਐਸੀ ਅਦੁੱਤੀ ਵੰਗਾਰ ਪਾਈ ਜਿਹਨੂੰ ਅਮਰੀਕਾ ਸਮੇਤ ਕੁਲ ਦੁਨੀਆ ਦੇ ਹਸਪਤਾਲ ਪਰਵਾਨ ਕਰਨ ਲਈ ਤਿਆਰ ਨਾ ਹੋਏ।

ਆਪਣੀ ਧਾਰਮਕ ਮਰਿਆਦਾ ਦੇ ਕਾਰਨ ਸਤਿਗੁਰੂ ਸਿੰਘ ਤਾਂ ਹੀ ਸਰਜਰੀ ਪਰਵਾਨ ਕਰਦੇ ਜੇ ਸਰਜਨ ਇਹ ਗੱਲ ਮੰਨਦੇ ਕਿ ਉਹਨਾਂ ਦੀ ਛਾਤੀ ਤੋਂ ਵਾਲ ਨਹੀਂ ਮੁੰਨੇ ਜਾਣਗੇ ਕੋਈ ਅਲਕੋਹਲ (ਸ਼ਰਾਬ) ਵਾਲੀ ਦਵਾਈ ਨਹੀਂ ਵਰਤੀ ਜਾਵੇਗੀ ਅਤੇ ਬਾਹਰੋਂ ਖ਼ੂਨ ਨਹੀਂ ਚਾੜ੍ਹਿਆ ਜਾਵੇਗਾ, ਕੇਵਲ ਪੁਰਖ ਸੇਵਕ ਹੀ ਹਾਜ਼ਰ ਹੋਣਗੇ।

ਸਰਜੀਕਲ ਟੀਮ* ਦੇ ਆਗੂ ਡਾ: ਇਆਨ ਰੋਸ ਨੇ ਇਹ ਸਾਰੀਆਂ ਸ਼ਰਤਾਂ ਪਰਵਾਨ ਕੀਤੀਆਂ। ਸਤਿਗੁਰੂ ਸਿੰਘ ਜੋ ਕਦੇ ਕਦਾਈਂ ਹੀ ਵਾਰਤਾਲਾਪ ਕਰਦੇ ਹਨ ਕੇਵਲ ਹਸਪਤਾਲ ਅਤੇ ਦੱਖਣੀ ਆਸਟਰੇਲੀਆ ਦਾ ਧਨਵਾਦ ਕਰਨ ਲਈ ਹੀ ਅਖਬਾਰਾਂ ਵਾਲਿਆਂ ਨਾਲ ਬੋਲੇ।

ਪਾਵਨ ਹਸਤੀ ਨਾਲ ਭਾਰਤ ਦੇ ਉਪਰਲੇ ਸਦਨ (ਰਾਜ ਸਭਾ) ਵਿਚ ਕਾਂਗਰਸ ਪਾਰਟੀ ਦੇ ਵ੍ਹਿਪ ਸ੍ਰੀ ਐਚ.ਐਸ. ਹੰਸਪਾਲ ਦੀ ਅਗਵਾਈ ਵਿਚ ਕੋਈ ੪੦ ਕੁ ਪੈਰੋਕਾਰ ਵੀ ਆਏ। ਪੰਡਿਤ ਨਹਿਰੂ ਤੋਂ ਲੈਕੇ ਨਹਿਰੂ ਪਰਿਵਾਰ ਨਾਲ ਨਾਮਧਾਰੀਆਂ ਦੇ ਗੂਹੜੇ ਸੰਬੰਧ ਰਹੇ ਹਨ। ਉਹ ਮਹਾਤਮਾ ਗਾਂਧੀ ਤੋਂ ਵੀ ਪਹਿਲਾਂ ਬ੍ਰਿਟਿਸ਼ ਸਰਕਾਰ ਨਾਲ ਅਹਿੰਸਕ ਨਾਮਿਲਵਰਤਨ ਕਰਦੇ ਰਹੇ ਹਨ।

ਸ੍ਰੀ ਹੰਸਪਾਲ ਨੇ ਦਸਿਆ ਕਿ ਹਿਰਦੇ ਵਿਗਿਆਨੀ ਡਾ: ਨਰਿੰਦਰਪਾਲ ਸਿੰਘ, ਜਿਨ੍ਹਾਂ ਨੇ ਆਰ.ਏ.ਐਚ, ਦੀ ਸਿਫਾਰਸ਼ ਕੀਤੀ ਸੀ, ਦੇ ਸਮੇਤ ਬੈਂਕੋਕ ਵਿਚ ਭਾਰੀ ਗਿਣਤੀ ਵਿਚ ਪੈਰੋਕਾਰ ਰਹਿੰਦੇ ਹਨ।

"ਆਉਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਇਸ ਗੱਲ ਦੀ ਪੂਰੀ ਤਸੱਲੀ ਚਾਹੀ ਕਿ ਕੀ ਡਾਕਟਰ ਰੋਸ ਉਹਨਾਂ ਦੀ ਧਾਰਮਕ ਮਰਿਆਦਾ ਦਾ ਖਿਆਲ ਰਖਣ ਲਈ ਤਿਆਰ ਹਨ। ਸ੍ਰੀ ਹੰਸਪਾਲ ਨੇ ਕਿਹਾ ਕਿ ਡਾਕਟਰ ਰੋਸ ਨੇ ਖੁਸ਼ੀ ਨਾਲ ਪਰਵਾਨ ਤਾਂ ਕੀਤਾ ਪਰ ਖਬਰਦਾਰੀ ਨਾਲ।

ਸ੍ਰੀ ਹੰਸਪਾਲ ਨੇ ਕਿਹਾ ਕਿ ਸਤਿਗੁਰੂ ਜੀ ਨੇ ਉਹਨਾਂ ਨੂੰ ਦਸਿਆ ਕਿ ਉਹ ਮਰਨਾ ਤਾਂ ਪਸੰਦ ਕਰਣਗੇ ਪਰ ਆਪਣੇ ਧਾਰਮਕ ਅਕੀਦੇ ਬਾਰੇ ਸਮਝੌਤਾ ਨਹੀਂ ਕਰਣਗੇ।

---

* ਆਰ.ਏ.ਐਚ. ਦਾ ਭਾਵ ਹੈ ਰਾਇਲ (ਸ਼ਾਹੀ) ਐਡੀਲੇਡ ਹਸਪਤਾਲ।

** ਬਾਈਪਾਸ ਸਰਜਰੀ :—ਉਹ ਆਪਰੇਸ਼ਨ ਜਿਸ ਰਾਹੀਂ ਰੋਗ ਵਾਲੀ ਥਾਂ ਦੇ ਲਾਂਭਿਓਂ ਹੀ ਉਪ ਮਾਰਗ ਰਾਹੀਂ ਕ੍ਰਿਆ ਚਾਲੂ ਕੀਤੀ ਜਾਂਦੀ ਹੈ।

* ਚੀਰਾ ਦੇ ਕੇ ਇਲਾਜ ਕਰਨ ਵਾਲੇ



Sri Satguru Jagjit Singh Ji eLibrary NamdhariElibrary@gmail.com

ਸ੍ਰੀ ਹੰਸਪਾਲ ਰਾਹੀਂ ਮੈਂ (ਪੱਤਰਕਾਰ ਨੇ) ਸਤਿਗੁਰੂ ਸਿੰਘ ਨੂੰ ਪੁੱਛਿਆ ਕਿ ਅਜਿਹੀਆਂ ਹਾਲਤਾਂ ਵਿਚ ਸਰਜਰੀ ਕਰਾਉਣ ਕਾਰਨ ਉਹਨਾਂ ਦੇ ਮਨ ਵਿਚ ਕੋਈ ਸੰਦੇਹ ਤਾਂ ਨਹੀਂ।

"ਨਹੀਂ। ਅਸੀਂ ਸਾਰੇ ਪਰਮਾਤਮਾ ਦੇ ਬੱਚੇ ਹਾਂ। ਉਹ ਜਾਣਦਾ ਹੈ ਕਿ ਓਹਦੇ ਬੱਚਿਆਂ ਵਾਸਤੇ ਕੀ ਠੀਕ ਹੈ" ਉਹਨਾਂ (ਸਤਿਗੁਰੂ ਜੀ ਨੇ) ਕਿਹਾ।

"ਮੈਨੂੰ ਭਾਰਤ ਵਿਚ ਕਈ ਲੋਕਾਂ ਨੇ ਇਹ ਸਵਾਲ ਪੁੱਛਿਆ। ਮੈਂ ਉਹਨਾਂ ਨੂੰ ਕਿਹਾ ਕਿ ਮੈਨੂੰ ਕੋਈ ਭੈਅ ਨਹੀਂ। ਮੈਂ ਬਸ ਖੁਸ਼ ਹਾਂ ਕਿ ਡਾਕਟਰ ਰੌਸ ਨੇ ਮੇਰੀਆਂ ਗੱਲਾਂ ਮੰਨ ਲਈਆਂ। ਹਸਪਤਾਲ ਦੇ ਡਾਕਟਰ ਅਤੇ ਸਟਾਫ ਮੇਰੀਆਂ ਇਛਾਵਾਂ ਪ੍ਰਤੀ ਬਹੁਤ ਮਿਲਵਰਤਨਸ਼ੀਲ ਅਤੇ ਸਹਾਇਕ ਰਹੇ ਹਨ।"

ਅਪਣੇ ਏਡੀ ਜਲਦੀ ਮੁੜ ਅਰੋਗ ਹੋਣ ਤੇ ਹੈਰਾਨੀ ? "ਮੈਂ ਹੈਰਾਨ ਨਹੀਂ, ਡਾਕਟਰ ਹੈਰਾਨ ਸੀ। ਮੈਂ ਕਦੇ ਹੈਰਾਨ ਹੋਣਾ ਸਿਖਿਆ ਹੀ ਨਹੀਂ ਸਵਾਏ ਕੁਝ ਕਮਜ਼ੋਰੀ ਦੇ ਮੈਂ ਅਗੇ ਨਾਲੋਂ ਬਹੁਤ ਠੀਕ ਮਹਿਸੂਸ ਕਰਦਾ ਹਾਂ।"

ਦਰਅਸਲ ਪਾਵਨ ਹਸਤੀ ਨੂੰ ਬਗੈਰ ਕਿਸੇ ਆਸਰੇ ਦੇ ਕਮਰੇ ਦੇ ਅੰਦਰ ਆਉਂਦਿਆਂ, ਗੋਡੇ ਝੁਕਾ ਕੇ ਬਿਨਾਂ ਜ਼ਾਹਿਰਾ ਤਕਲੀਫ਼ ਦੇ ਚੌਕੜੀ ਮਾਰ ਕੇ ਬੈਠਦਿਆਂ ਵੇਖਣਾ ਇਕ ਕਮਾਲ ਦੀ ਹੀ ਗੱਲ ਸੀ।

ਐਡੀਲੇਡ ਦੀਆਂ ਚੋਟੀ ਦੀਆਂ ਕਲੱਬਾਂ ਨੇ ਸਤਿਗੁਰੂ ਸਿੰਘ ਅਤੇ ਉਹਨਾਂ ਦੇ ਪੈਰੋਕਾਰਾਂ ਨੂੰ ਕਿਸੇ ਵੀ ਪ੍ਰਕਾਰ ਦੇ ਲੋੜੀਂਦੇ ਸਹਿਯੋਗ ਦੀ ਪੇਸ਼ਕਸ ਕੀਤੀ ਹੈ। ਦੱਖਣੀ ਆਸਟਰੇਲੀਆ ਦੇ ਅੰਤਰਰਾਸ਼ਟਰੀ ਸੰਬੰਧਾਂ ਦੇ ਕਨਵੀਨਰ ਮਾਰਕ ਰਿਚਰਡਜ਼ ਨੇ ਕਿਹਾ ਕਿ ਜਦੋਂ ਭਾਰਰ ਦੀ ਪਹਿਲੀ ਚੋਟੀ (ਅਪੈਕਸ) ਕਲੱਬ ਕਲਕੱਤਾ ਵਿਚ ਸੰਨ ੧੯੬੧ ਵਿਚ ਸਥਾਪਤ ਕੀਤੀ ਗਈ ਤਾਂ ਇਹ ਦੱਖਣੀ ਆਸਟਰੇਲੀਆ ਜ਼ਿਲੇ ਨਾਲ ਜੁੜ ਗਈ ਅਤੇ ਇਵੇਂ ੧੯੭੫ ਤੱਕ ਰਹੀ। ਅੱਜ ਭਾਰਤੀ ਕਲੱਬਾਂ ਦੀ ਕੁਲ ਗਿਣਤੀ ੯੯ ਹੈ।

## ਦ: ਡੇਲੀ ਟੈਲੀਗਰਾਫ ਮਿਰਰ

ਸਿਡਨੀ ਤੋਂ ਨਿਕਲਦੇ ਰੋਜ਼ਾਨਾ ਅਖਬਾਰ 'ਦ ਡੇਲੀ ਟੈਲੀਗਰਾਫ਼' ਮਿਰਰ ਦੇ ਸ਼ੁਕਰਵਾਰ ੨੬ ਜੁਲਾਈ ੧੯੯੧ ਦੇ ਅੰਕ ਵਿਚ ਮੁਖ ਪੰਨੇ ਤੇ ਕਾਲਮ ੨-੩ ਤੇ ਉਪਰ ਦੀ ਖਬਰ ਡੱਬੀ ਬਣਾ ਕੇ ਲਾਈ ਹੈ ਜਿਸ ਦੀ ਸੁਰਖੀ ਹੈ Sikh on Mend **ਸਿੱਖ ਦਾ ਇਲਾਜ** ਪੂਰੀ ਖਬਰ ਇੰਜ ਹੈ :

"ਦੁਨੀਆ ਦੀਆਂ ਪ੍ਰਮੁਖ ਪਾਵਨ ਸਖਸੀਅਤਾਂ ਚੋਂ ਇਕ ਲੱਖਾਂ ਸਿੱਖਾਂ ਦੇ ਮੁਖੀ, ਰਾਇਲ ਐਡੀਲੇਡ ਹਸਪਤਾਲ ਦੇ ਹਿਰਦੇ ਰੋਗਾਂ ਦਾ ਇਲਾਜ਼ ਕਰਨ ਵਾਲੇ ਪ੍ਰਸਿੱਧ ਵਿਭਾਗ ਵਿਚ ਸਫਲ ਚਾਰਪਰਤੀ ਬਾਈਪਾਸ ਸਰਜਰੀ ਬਾਅਦ ਸਿਹਤਯਾਬ ਹੋ ਰਹੇ ਹਨ।

ਪਰਮ ਪਾਵਨ (ਹਿਜ਼ ਹੋਲੀਨੈਸ) ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਸਿੱਖਾਂ ਦੇ ਰਹਿਨੁਮਾ ਨੇ ਰਾਇਲ ਐਡੀਲੇਡ ਹਸਪਤਾਲ ਨੂੰ ਅਦੁੱਤੀ ਵੰਗਾਰ (ਆਪਣੇ ਵਰਗੀ ਆਪ) ਪਾਈ ਜਿਸਨੂੰ ਦੁਨੀਆ ਭਰ ਦੇ ਹੋਰ ਹਸਪਤਾਲ ਪਰਵਾਨ ਕਰਨ ਨੂੰ ਤਿਆਰ ਨਹੀਂ ਸਨ।

ਆਪਣੀ ਧਾਰਮਕ ਮਰਿਆਦਾ ਕਾਰਨ ੭੧ ਸਾਲਾਂ ਦੇ ਪਾਵਨ ਪੁਰਖ (ਹਿਜ਼ ਹੋਲੀਨੈਸ) ਤਾਂ ਹੀ ਸਰਜਰੀ ਕਰਾਉਂਦੇ ਜੇ ਸਰਜਨ ਉਹਨਾਂ ਦੀ ਛਾਤੀ ਦੇ ਵਾਲ ਨਾ ਕੱਟਣ, ਕੋਈ ਅਲਕੋਹਲ (ਸ਼ਰਾਬ ਵਾਲੀ ਦਵਾਈ) ਨਾ ਵਰਤਣ ਅਤੇ ਬਾਹਰੋਂ ਖ਼ੂਨ ਨਾ ਦੇਣ ਦੀ ਗੱਲ ਮੰਨਦੇ, ਇਸ ਤੋਂ ਇਲਾਵਾ ੧੬ ਜੁਲਾਈ ਦੇ ਆਪਰੇਸ਼ਨ ਵਿਚ ਕੇਵਲ ਪੁਰਸ਼ ਸੇਵਕ ਹੀ ਉਹਨਾਂ ਦੀ ਸੇਵਾ ਤੇ ਲਗ ਸਕਦੇ ਸਨ।

ਇਹਨਾਂ ਸ਼ਰਤਾਂ ਨੂੰ ਚੀਰਾ ਦੇਣ ਵਾਲੀ ਟੀਮ ਦੇ ਮੁਖੀ ਡਾ. ਈਆਨ ਰੋਸ ਨੇ ਪਰਵਾਨ ਕੀਤਾ।

ਪਰਮ ਪੂਜਯ ਜੀ ਜੋ ਕਦੇ ਕਦਾਈਂ ਹੀ ਵਾਰਤਾਲਾਪ ਲਈ ਮੰਨਦੇ ਹਨ ਆਪਣੇ ਇਲਾਜ ਅਤੇ ਅਦਬ ਸਤਿਕਾਰ ਵਾਸਤੇ ਹਸਪਤਾਲ ਅਤੇ ਦਖਣੀ ਆਸਟਰੇਲੀਆ ਦਾ ਧੰਨਵਾਦ ਕਰਨ ਵਾਸਤੇ ਕੁਝ ਸ਼ਬਦ ਕਹੇ।

ਭਾਰਤ ਦੀ ਰਾਜ ਸਭਾ ਵਿਚ ਕਾਂਗਰਸ ਪਾਰਟੀ ਦੇ ਵ੍ਹਿਪ ਸ੍ਰੀ ਐਚ. ਐਸ. ਹੰਜਪਾਲ ਦੀ ਅਗਵਾਈ ਵਿਚ ਕੋਈ ਚਾਲੀ ਕੁ ਪੈਰੋਕਾਰ ਸਤਿਗੁਰੂ ਜੀ ਨਾਲ ਐਡੀਲੇਡ ਵਿਚ ਆਏ ਹੋਏ ਹਨ।

ਸ੍ਰੀ ਹੰਸਪਾਲ ਜੀ ਨੇ ਦਸਿਆ ਕਿ ਆਉਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਇਸ ਗਲ ਦੀ ਪੂਰੀ ਤਸੱਲੀ ਚਾਹੀ ਕਿ ਕੀ ਡਾਕਟਰ ਰੋਸ ਉਹਨਾਂ ਦੀ ਧਾਰਮਕ ਮਰਿਆਦਾ ਦਾ ਖਿਆਲ ਰਖਣ ਲਈ ਤਿਆਰ ਹਨ ?

ਡਾਕਟਰ ਰੋਸ ਨੇ ਖੁਸ਼ੀ ਨਾਲ ਸਭ ਕੁਝ ਪਰਵਾਨ ਕੀਤਾ ਤਾਂ ਕਿ ਸਤਿਗੁਰੂ ਜੀ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਨਾ ਪੁਜੇ।


Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸ੍ਰੀ ਭੈਣੀ ਸਾਹਿਬ : ਵਿਸ਼ੇਸ਼ ਮਹੱਤਤਾ

ਸ੍ਰੀ ਭੈਣੀ ਸਾਹਿਬ ਦੀ ਵਿਸ਼ੇਸ਼ ਮਹੱਤਤਾ ਕੀ ਹੈ । ਇਹ ਗੁਰੂ ਸਾਹਿਬਾਂ ਦੀ ਵਰੋਸਾਈ ਧਰਤੀ ਹੈ । ਇਹ ਇਨਕਲਾਬ ਦੀ ਜਨਮ ਦਾਤੀ ਹੈ । ਇਥੇ ਸਦੀਵ ਲੋਹ ਲੰਗਰ ਤਪਦਾ ਹੈ । ਇਥੇ ਸੰਗੀਤ ਅਤੇ ਕੀਰਤਨ ਦੀਆਂ ਛਹਿਬਰਾਂ ਲਗਦੀਆਂ ਹਨ । ਸੇਵਾ ਸਾਧਨਾ ਸੰਤੋਖ ਤੇ ਸਾਦਗੀ ਦਾ ਸਕੂਲ ਹੈ । ਅਨੰਤ ਗੁਣ ਹਨ ਅਨੰਤ ਵਿਸ਼ੇਸ਼ਣ ਹਨ ਜੋ ਆਪਣੀ ਸਮਰਥਾ ਅਨੁਸਾਰ ਦਸੇ ਜਾ ਸਕਦੇ ਹਨ । ਜਿਹਨਾਂ ਦਾ ਜ਼ਿਕਰ ਕਰਦਿਆਂ ਪੀੜੀਆਂ ਲੰਘ ਗਈਆਂ ਹਨ ਕਾਗਜ਼ਾਂ ਦੇ ਅੰਬਾਰ ਮੁਕ ਗਏ ਹਨ । ਇਹ ਸਭ ਕੁਝ ਤਾਂ ਹੈ ਪਰ ਮੁਖ ਤੌਰ ਤੇ ਇਥੇ ਕਿਸ ਗਲ ਦੀ ਪ੍ਰਧਾਨਤਾ ਹੈ । ਇਸ ਪ੍ਰਸ਼ਨ ਦਾ ਇਕ ਹੀ ਉਤਰ ਹੈ ਕਿ ਇਥੇ ਨਾਮ ਦੀ ਪ੍ਰਧਾਨਤਾ ਹੈ । ਇਸ ਧਰਤੀ ਦਾ ਕਣ ਕਣ ਨਾਮ ਸਿਮਰਣ 'ਚ ਰੰਗਿਆ ਬੈਕੁੰਠ ਦਾ ਦਰਜਾ ਰਖਦਾ ਹੈ । ਕਲਿਜੁਗ 'ਚ ਇਕੋ ਇਕ ਸਹਾਰਾ ਨਾਮ ਇਸ ਧਰਤੀ ਵਿਚ ਬੀਜਿਆ ਗਿਆ ਹੈ ਉਸ ਦਾ ਮੁੜ ਮੁੜ ਸੰਚਾਰ ਕੀਤਾ ਜਾਂਦਾ ਹੈ । ਇਹ ਨਾਮ ਹੀ ਹੈ ਜਿਸ ਕਰਕੇ ਇਥੇ ਸਿਰ ਝੁਕਾ-ਉਣ ਵਾਲਿਆਂ ਦਾ ਉਪਨਾਮ ਨਾਮਧਾਰੀ ਪ੍ਰਸਿਧ ਹੋ ਗਿਆ ।

ਇਸੇ ਨਾਮ ਦੀ ਸਾਧਨਾ ਲਈ ਦ੍ਰਿੜਤਾ ਲਈ ਇਥੇ ਲਗਾਤਾਰ ਸਿਮਰਨ ਵਰਨੀਆਂ ਹੁੰਦੀਆਂ ਰਹਿੰਦੀਆਂ ਹਨ ਨਾਮ ਦੀ ਮਹਿਮਾ ਵਿਚ ਬਾਣੀ ਗਾਈ ਜਾਂਦੀ ਹੈ ਅਤੇ ਸਤਿਗੁਰੂ ਸਾਹਿਬਾਨ ਹਰ ਹੀਲਾ ਵਰਤ ਕੇ ਇਸੇ ਨਾਮ ਦੀ ਖੇਤੀ ਨੂੰ ਹਰਿਆ ਭਰਿਆ ਰਖਦੇ ਹਨ ।

ਸਦੈਵ ਨਾਮ ਸਿਮਰਨ ਤੋਂ ਇਲਾਵਾ ਮਹੀਨਾ ਸਵਾ ਮਹੀਨਾ ਵਿਸ਼ੇਸ਼ ਜੱਪ ਪਰਯੋਗ ਦਾ ਰਖਿਆ ਜਾਂਦਾ ਹੈ । ਇਸ ਵਾਰ ਵੀ ਇਹ ਜੱਪ ਪਰਯੋਗ ਸ੍ਰੀ ਭੈਣੀ ਸਾਹਿਬ ਵਿਚ ਚਲ ਰਿਹਾ ਹੈ । ਵਿਸ਼ੇਸ਼ ਪਰਯੋਗ ਦਾ ਭੋਗ ਜਿਸ ਦਿਨ ਪੈਣਾ ਹੈ ਉਸ ਦਿਨ ਦੁਸਹਿਰਾ ਹੋਵੇਗਾ । ਵਡੇ ਮੇਲੇ ਦਾ ਭੋਗ ਤਿੰਨ ਦਿਨ ਬਾਅਦ ਪਵੇਗਾ ।

ਦੁਸਹਿਰਾ ਭਾਰਤ ਦਾ ਇਕ ਮਹਤਵ ਪੂਰਨ ਤੇ ਮਸ਼ਹੂਰ ਤਿਉਹਾਰ ਹੈ । ਇਹ ਬਦੀ ਉਤੇ ਨੇਕੀ ਦੀ ਫਤਹਿ ਦਾ ਦਿਨ ਸਮਝਿਆ ਜਾਂਦਾ ਹੈ । ਭਗਵਾਨ ਰਾਮ ਜੀ ਦੀ ਰਾਜਾ ਰਾਵਣ ਉਤੇ ਜਿੱਤ ਦਾ ਦਿਨ ਹੈ । ਭਗਵਾਨ ਰਾਮ ਨੂੰ ਵਿਸ਼ਨੂੰ ਦਾ ਅਵਤਾਰ ਮੰਨਿਆ ਗਿਆ ਹੈ । ਰਾਮ ਅਤੇ ਰਾਮ ਨਾਮ ਦੀ ਉਪਮਾ ਆਦਿ ਕਾਲ ਤੋਂ ਹੁੰਦੀ ਆਈ ਹੈ । ਗੁਰਬਾਣੀ ਵੀ ਰਾਮ ਨਾਮ ਦੀ ਮਹਿਮਾ ਵਿਚ ਲਬਾਲਬ ਹੈ ।

ਸ੍ਰੀ ਭੈਣੀ ਸਾਹਿਬ ਦੀ ਧਰਤੀ ਤੇ ਨਾਮ ਸਿਮਰਨ ਦੇ ਪਰਯੋਗ ਦੇ ਅੰਤ ਉਤੇ ਦੁਸਹਿਰੇ ਦਾ ਆਉਣਾ ਕੋਈ ਸੰਕੇਤ ਵੀ ਕਰਦਾ ਹੈ । ਕੋਈ ਸਾਂਝ ਇਹਨਾਂ ਸਮਾਗਮਾਂ ਵਿਚ ਹੈ । ਕੋਈ ਸੇਧ ਹੈ ?

ਸਾਡੇ ਖਿਆਲ ਵਿਚ ਇਕ ਸੇਧ ਅਤੇ ਸੰਪਰਕ ਹੈ । ਇਹ ਨਾਮ ਦਾ ਸੰਪਰਕ ਹੈ । ਰਾਮ ਨਾਮ ਜਾਂ ਰਾਮ ਸਹਿਤ ਗੁਰੂ ਸਾਹਿਬਾਂ ਵਲੋਂ ਦ੍ਰਿੜਾਇਆ ਨਾਮ ।

ਗੁਰਬਾਣੀ ਵਿਚ ਇਕ ਨਾਮ ਦੀ ਮਹਿਮਾ ਅਤੇ ਨਾਮ ਦੇ ਦਾਤੇ ਸਤਿਗੁਰੂ ਦੀ ਮਹਿਮਾ ਵਿਚ ਅਣਗਿਣਤ ਸ਼ਬਦ ਦਰਜ ਹਨ ।

ਦੁਸਹਿਰੇ ਦੇ ਨਾਇਕ ਰਾਮ ਜੀ ਦੇ ਅਨਿੰਨ ਭਗਤ, ਉਹਨਾਂ ਦਾ ਮਾਨਸ ਚ੍ਰਿਤਰ ਲਿਖਣ ਵਾਲੇ ਮਹਾਨ ਕਵੀ ਤੁਲਸੀ ਜੀ ਦੇ ਕੁਝ ਵਿਚਾਰ ਇਸ ਨਾਮ ਬਾਰੇ ਵਖਰੇ ਪ੍ਰਕਾਸ਼ਤ ਕਰ ਰਹੇ ਹਾਂ ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਪਿਛਲੇ ਨਾਮਧਾਰੀ ਸਮਾਗਮਾਂ ਦੇ ਕੁਝ ਦ੍ਰਿਸ਼



ਜੱਪ ਪਰਯੋਗ ਸਮੇਂ ਸਿਮਰਨ ਕਰਦੀਆਂ ਸੰਗਤਾਂ



ਸੈਂਕੜੇ ਪਾਠਾਂ ਦੇ ਭੋਗਾਂ ਸਮੇਂ



ਸਾਮੂਹਕ ਅਨੰਦ ਕਾਰਜਾਂ ਦਾ ਇਕ ਪੁਰਾਣਾਦ੍ਰਿਸ਼ ।



ਹੱਲੇ ਦੇ ਦੀਵਾਨ ਵਿਚ ਸ਼ਬਦ ਪੜ੍ਹਦੇ ਸਿੰਘ ।

Sri Satguru Jagjit Singh Ji eLibrary NamdhariElibrary@gmail.com

# ਨਾਮ ਦੀ ਮਹਿਮਾ

**—ਗੋਸਵਾਮੀ ਤੁਲਸੀ ਦਾਸ**

...ਨਿਰਗੁਣ ਅਤੇ ਸਗੁਣ ਬ੍ਰਹਮ ਦੇ ਦੋ ਰੂਪ ਹਨ। ਇਹ ਦੋਵੇਂ ਹੀ ਅਕਥਨੀ, ਅਥਾਹ, ਅਨਾਦਿ ਅਤੇ ਅਨੂਪਮ ਹਨ। ਮੇਰੇ ਵਿਚਾਰ ਅਨੁਸਾਰ ਨਾਮ ਇਨ੍ਹਾਂ ਦੋਹਾਂ ਤੋਂ ਵੱਡਾ ਹੈ, ਜਿਸ ਨੇ ਆਪਣੇ ਬਲ ਨਾਲ ਦੋਹਾਂ ਨੂੰ ਆਪਣੇ ਵਸ ਵਿਚ ਕਰ ਰਖਿਆ ਹੈ। ੧। ਨਿਪੁੰਨ ਸੱਜਣ ਲੋਗ ਇਸ ਗੱਲ ਨੂੰ ਮੇਰੀ ਗੁਸਤਾਖ਼ੀ ਨ ਸਮਝਣ, ਮੈਂ ਤਾਂ ਆਪਣੇ ਮਨ ਦੇ ਵਿਸ਼ਵਾਸ, ਪ੍ਰੇਮ ਅਤੇ ਰੁਚੀ ਦੀ ਗੱਲ ਕਰਦਾ ਹਾਂ। ਦੋਹਾਂ ਬ੍ਰਹਮ ਰੂਪਾਂ ਦਾ ਗਿਆਨ ਅਗਨੀ ਦੇ ਸਮਾਨ ਹੈ। ਇਕ (ਨਿਰਗੁਣ) ਉਸ ਗੁਪਤ ਅਗਨੀ ਵਾਂਗ ਹੈ ਜੋ ਲੱਕੜ ਦੇ ਅੰਦਰ ਹੈ ਅਤੇ ਦੂਜਾ (ਸਗੁਣ) ਪ੍ਰਗਟ ਅਗਨੀ ਦੇ ਸਮਾਨ ਹੈ। ੨। ਇਹ ਦੋਵੇਂ (ਰੂਪ ਜਾਣਨ ਵਿਚ) ਕਠਿਨ ਹਨ, ਪਰ ਨਾਮ ਰਾਹੀਂ ਦੋਵੇਂ ਸਹਿਜ ਹੀ ਜਾਣੇ ਜਾ ਸਕਦੇ ਹਨ। ਇਸ ਲਈ ਮੈਂ ਨਾਮ ਨੂੰ (ਨਿਰਗੁਣ) ਬ੍ਰਹਮ ਅਤੇ (ਸਗੁਣ) ਰਾਮ ਤੋਂ ਵੱਡਾ ਆਖਿਆ ਹੈ। ਬ੍ਰਹਮ ਵਿਆਪਕ ਹੈ, ਇਕ ਹੈ, ਅਵਿਨਾਸ਼ੀ ਹੈ ਅਤੇ ਸਤ-ਚਿਤ-ਆਨੰਦ ਦਾ ਸਮੂਹਿਕ ਰੂਪ ਹੈ। ੩। ਅਜਿਹੇ ਵਿਕਾਰ-ਰਹਿਤ ਪ੍ਰਭੂ ਦੇ ਹਿਰਦੇ ਵਿਚ ਵਸਣ ਦੇ ਬਾਵਜੂਦ ਜਗਤ ਦੇ ਸਾਰੇ ਜੀਵ ਦੀਨ ਅਤੇ ਦੁੱਖੀ ਹਨ। ਨਾਮ ਦਾ ਨਿਰੂਪਣ (ਬੋਧ) ਅਤੇ ਯਤਨ (ਜਪ ਅਭਿਆਸ) ਕਰਨ ਨਾਲ ਓਹੀ ਬ੍ਰਹਮ ਇੰਜ ਪ੍ਰਗਟ ਹੋ ਜਾਂਦਾ ਹੈ ਜਿਵੇਂ ਰਤਨ (ਪਰਖਣ) ਨਾਲ ਉਸ ਦਾ ਮੁੱਲ। ੪।

ਇਸ ਤਰ੍ਹਾਂ ਨਿਰਗੁਣ ਬ੍ਰਹਮ ਨਾਲੋਂ ਨਾਮ ਵੱਡਾ ਹੈ, ਇਸ ਦਾ ਪ੍ਰਭਾਵ ਅਪਾਰ ਹੈ। ਹੁਣ ਮੈਂ ਆਪਣੇ ਵਿਚਾਰ ਅਨੁਸਾਰ ਦੱਸਦਾ ਹਾਂ ਕਿ (ਸਗੁਣ) ਰਾਮ ਨਾਲੋਂ ਵੀ ਨਾਮ ਵੱਡਾ ਹੈ॥ ੨੩॥

ਸ੍ਰੀ ਰਾਮ ਚੰਦਰ ਜੀ ਨੇ ਭਗਤਾਂ ਦੇ ਭਲੇ ਲਈ ਮਨੁੱਖ ਸ਼ਰੀਰ ਧਾਰਨ ਕੀਤਾ ਅਤੇ ਆਪ ਦੁੱਖ ਸਹਿ ਕੇ ਸੰਤਾਂ ਨੂੰ ਸੁਖੀ ਕੀਤਾ, ਪਰ ਭਗਤ ਲੋਗ ਪ੍ਰੇਮ ਨਾਲ ਨਾਮ ਦਾ ਜਾਪ ਕਰਦੇ ਹੋਇਆਂ ਸਹਿਜੇ ਹੀ ਆਨੰਦ ਅਤੇ ਕਲਿਆਣ ਦੇ ਘਰ ਹੋ ਜਾਂਦੇ ਹਨ। ੧। ਸ੍ਰੀ ਰਾਮ ਜੀ ਨੇ ਇਕੋ ਤਪਸਵੀ ਦੀ ਇਸਤਰੀ (ਅਹਿਲਿਆ) ਦਾ ਹੀ ਉਧਾਰ ਕੀਤਾ, ਪਰ (ਉਨ੍ਹਾਂ ਦੇ) ਨਾਮ ਨੇ ਕਰੋੜਾਂ ਦੁਸ਼ਟਾਂ ਦੀ ਬੁੱਧੀ ਨੂੰ ਸੁਧਾਰ ਦਿੱਤਾ। ਸ੍ਰੀ ਰਾਮ ਜੀ ਨੇ ਰਿਸ਼ੀ (ਵਿਸ਼ਵਾਮਿਤਰ) ਦੇ ਹਿਤ ਲਈ ਸੁਕੇਤ ਨਾਂ ਦੇ ਯਕਸ਼ ਦੀ ਪੁੱਤਰੀ (ਤਾੜਕਾ) ਨੂੰ ਸੈਨਾ ਅਤੇ ਪੁੱਤਰ (ਸੁਬਾਹੁ) ਸਹਿਤ ਖ਼ਤਮ ਕੀਤਾ। ੨। ਪਰ ਨਾਮ ਆਪਣੇ ਭਗਤਾਂ ਦੇ ਦੋਸ਼ਾਂ, ਦੁੱਖਾਂ ਅਤੇ ਮਾੜੀਆਂ ਭਾਵਨਾਵਾਂ ਦਾ ਇੰਜ ਨਾਸ ਕਰ ਦਿੰਦਾ ਹੈ, ਜਿਵੇਂ ਸੂਰਜ ਰਾਤ ਦਾ। ਸ੍ਰੀ ਰਾਮ ਜੀ ਨੇ ਆਪ ਤਾਂ ਸ਼ਿਵ ਧਨੁਸ਼ ਨੂੰ ਤੋੜਿਆ ਪਰ ਨਾਮ ਦਾ ਪ੍ਰਤਾਪ ਸੰਸਾਰਿਕ ਭੈ ਨੂੰ ਨਸ਼ਟ ਕਰਨ ਵਾਲਾ ਹੈ। ੩। ਸ੍ਰੀ ਰਾਮ ਜੀ ਨੇ ਤਾਂ ਦੰਡਕ ਬਨ ਨੂੰ ਸੁਹਾਵਣਾ ਬਣਾਇਆ, ਪਰ ਨਾਮ ਨੇ ਅਸੰਖ ਮਨੁੱਖਾਂ ਦੇ ਮਨਾਂ ਨੂੰ ਪਵਿਤ੍ਰ ਕਰ ਦਿੱਤਾ। ਸ੍ਰੀ ਰਾਮ ਜੀ ਨੇ ਰਾਖਸ਼ਾਂ ਦੇ ਸਮੂਹ ਨੂੰ ਖਤਮ ਕੀਤਾ, ਪਰ ਨਾਮ ਕਲਿਯੁਗ ਦੇ ਸਾਰਿਆਂ ਪਾਪਾਂ ਨੂੰ ਨਸ਼ਟ ਕਰਨ ਵਾਲਾ ਹੈ। ੪।

ਰਘੂਨਾਥ ਜੀ ਨੇ ਆਪ ਤਾਂ ਸ਼ਬਰੀ, ਜਟਾਯੂ (ਗਿਧ) ਆਦਿ ਉਤਮ ਸੇਵਕਾਂ ਨੂੰ ਮੁਕਤੀ ਬਖ਼ਸ਼ੀ, ਪਰ ਨਾਮ ਨੇ ਦੁਸ਼ਟਾਂ ਨੂੰ ਤਾਰਿਆ। (ਨਾਮ ਦੇ) ਗੁਣਾਂ ਦੀ ਕਥਾ ਵੇਦਾਂ ਵਿਚ ਪ੍ਰਸਿੱਧ ਹੈ॥ ੨੪॥

ਸਭ ਜਾਣਦੇ ਹਨ ਕਿ ਸ੍ਰੀ ਰਾਮ ਜੀ ਨੇ ਸੁਗ੍ਰੀਵ ਅਤੇ ਭਿਵੀਸ਼ਣ ਦੋਹਾਂ ਨੂੰ ਆਪਣੀ ਸ਼ਰਣ ਵਿਚ ਰਖਿਆ, ਪਰ ਨਾਮ ਨੇ ਅਨੇਕਾਂ ਗਰੀਬਾਂ ਨੂੰ ਨਿਵਾਜਿਆ ਹੈ। ਨਾਮ ਦਾ ਇਹ ਯਸ਼ ਸੰਸਾਰ ਅਤੇ ਵੇਦਾਂ ਵਿਚ ਸਪੱਸ਼ਟ ਹੈ। ੧। ਸ੍ਰੀ ਰਾਮ ਜੀ ਨੇ ਤਾਂ ਰਿੱਛਾਂ ਅਤੇ ਬੰਦਰਾਂ ਦੀ ਸੈਨਾ ਇਕੱਠੀ ਕੀਤੀ ਅਤੇ ਸਮੁੰਦਰ ਉਤੇ ਪੁਲ ਬੰਨ੍ਹਣ ਲਈ ਕੋਈ ਥੋੜ੍ਹੀ ਮਿਹਨਤ ਨਹੀਂ ਕੀਤੀ, ਪਰ ਨਾਮ ਲੈਂਦਿਆਂ ਹੀ ਭਵ-ਸਾਗਰ ਸੁਕ ਜਾਂਦਾ ਹੈ। ਸੱਜਣ ਪੁਰਸ਼ ਮਨ ਵਿਚ ਇਸ ਗੱਲ ਦਾ ਵਿਚਾਰ ਕਰਨ (ਕਿ ਦੋਹਾਂ ਵਿਚੋਂ ਕੌਣ ਵੱਡਾ ਹੈ)। ੨। ਸ੍ਰੀ ਰਾਮ ਜੀ ਨੇ ਕੁਲ-ਸਹਿਤ ਰਾਵਣ ਨੂੰ ਯੁੱਧ ਵਿਚ ਮਾਰਿਆ ਅਤੇ ਸੀਤਾ-ਸਹਿਤ ਆਪਣੇ ਨਗਰ (ਅਯੋਧਿਆ) ਵਿਚ ਕਦਮ ਰਖਿਆ। ਸ੍ਰੀ ਰਾਮ ਜੀ ਰਾਜਾ ਬਣੇ, ਅਵਧ ਉਨ੍ਹਾਂ ਦੀ ਰਾਜਧਾਨੀ ਹੋਈ, ਉਨ੍ਹਾਂ ਦਾ ਗੁਣ ਦੇਵਤਾ ਦੇ ਮੁਨੀ ਸ੍ਰੇਸ਼ਠ ਬਾਣੀ ਨਾਲ ਗਾ ਰਹੇ ਹਨ। ੩। ਪਰ ਭਗਤ ਲੋਗ ਪ੍ਰੇਮ-ਸਹਿਤ ਨਾਮ ਸਿਮਰਨ ਕਰਕੇ ਬਿਨਾਂ ਤਪੱਸਿਆ ਕੀਤਿਆਂ ਮੋਹ ਦੀ ਪ੍ਰਬਲ ਸੈਨਾ ਨੂੰ ਜਿੱਤ ਕੇ ਅਤੇ ਪ੍ਰੇਮ ਵਿਚ ਮਗਨ ਹੋ ਕੇ ਆਪਣੇ ਹੀ ਸੁਖ ਵਿਚ ਵਿਚਰਦੇ ਹਨ। ਨਾਮ ਦੀ ਮਿਹਰ ਕਰਕੇ ਸੁਪਨੇ ਵਿਚ ਵੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਸਤਾਂਦੀ। ੪।...

('ਤੁਲਸੀ ਰਮਾਇਣ' ਪੰਜਾਬੀ ਯੂਨੀਵਰਸਟੀ ਪਟਿਆਲਾ ਚੋਂ ਧਨਵਾਦ ਸਹਿਤ)

ਅਨੁਵਾਦ ਸ਼ਬਦ : ਡਾ: ਰਤਨ ਸਿੰਘ ਜੱਗੀ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪੰਜਾਬ

—ਸੰਤ ਸੰਧੂ

ਪੱਕੀ ਸਰ੍ਹੋਂ ਖੇਤ 'ਚ ਕਿਰ ਜਾਵੇ,
ਹਰੇ ਬਾਗਾਂ 'ਚ ਢਾਂਗਾ ਫਿਰ ਜਾਵੇ,
ਮਾਸੂਮ ਕਾਤਿਲੀਂ ਘਿਰ ਜਾਵੇ,
ਫੁੱਲ ਮਿਧਿਆ ਜਾਵੇ ਗੁਲਾਬ ਦਾ,
ਮੈਥੋਂ ਪੁੱਛ ਨਾ ਹਾਲ ਪੰਜਾਬ ਦਾ।

ਜਿਵੇਂ ਅਤਿ ਗਰੀਬ ਦੀ ਜੂਨ ਹੋਵੇ,
ਡੁਲ੍ਹਾ ਵਿਚ ਢੁਰੱਸਤੇ ਖ਼ੂਨ ਹੋਵੇ,
ਅਤੇ ਮੁਜਰਿਮ ਆਪ ਕਾਨੂੰਨ ਹੋਵੇ,
ਹੱਥ ਸ਼ਾਮਿਲ ਹੋਵੇ ਨਵਾਬ ਦਾ। ਮੈਥੋਂ...

ਜਿਵੇਂ ਪਾਟਾ ਹੋਇਆ ਦੁੱਧ ਹੋਵੇ,
ਜਿਵੇਂ ਹਾਥੀ ਹੋਇਆ ਕਰੁੱਧ ਹੋਵੇ,
ਜਿਵੇਂ ਲਮਕਿਆ ਹੋਇਆ ਯੁੱਧ ਹੋਵੇ,
ਗਲ ਘੁਟਿਆ ਹੋਵੇ ਰਬਾਬ ਦਾ। ਮੈਥੋਂ...

ਜਿਵੇਂ ਬਿਨ-ਪਹੀਏ ਦੇ ਰੱਥ ਹੋਵੇ,
ਜਿਵੇਂ ਉਜੜੀ ਹੋਈ ਕੋਈ ਸੱਥ ਹੋਵੇ,
ਜਿਵੇਂ ਕੋਹੜੀ ਦਾ ਚੋਂਦਾ ਹੱਥ ਹੋਵੇ,
ਦਾਗ ਤਿਖਾ ਤੇਜ਼ ਤੇਜ਼ਾਬ ਦਾ। ਮੈਥੋਂ...

ਜਿਵੇਂ ਰੁੱਖ-ਖਾਣੀ ਕੋਈ ਰੁੱਤ ਹੋਵੇ,
ਮੱਚੀ ਚਹੁੰ ਦਿਸ਼ਾਵੀਂ ਲੁੱਟ ਹੋਵੇ,
ਜਿਵੇਂ ਪਿਆ ਕੁਰਾਹੇ ਪੁੱਤ ਹੋਵੇ,
ਸੰਗ ਹੋਵੇ, ਯਾਰ ਖਰਾਬ ਦਾ। ਮੈਥੋਂ...

ਜਿਵੇਂ ਔਂਤ ਗਿਆਂ ਦਾ ਥਾਂ ਹੋਵੇ,
ਜਿਵੇਂ ਹੱਥ ਕਸਾਈਆਂ ਗਾਂ ਹੋਵੇ,
ਜਿਵੇਂ ਮੋਏ ਪੁੱਤ ਦੀ ਮਾਂ ਹੋਵੇ,
ਗ਼ਮ ਹੋਵੇ ਬੇਹਿਸਾਬ ਦਾ। ਮੈਥੋਂ...

ਜਿਵੇਂ ਟੁੱਟਿਆ ਹੋਇਆ ਥੰਨ੍ਹ ਹੋਵੇ,
ਜਿਵੇਂ ਲਗਾ ਨਿਹੱਕਾ ਡੰਨ ਹੋਵੇ,
ਜਿਵੇਂ ਬਲਦ-ਉਚੜਿਆ ਕੰਨ੍ਹ ਹੋਵੇ,
ਇਹ ਨਕਸ਼ਾ ਹੈ, ਖਾਨਾ-ਖਰਾਬ ਦਾ। ਮੈਥੋਂ...

ਜਿਵੇਂ ਗੁੜ ਨੂੰ ਤਰਸਦਾ ਗੰਡ ਹੋਵੇ,
ਜਿਵੇਂ ਸੱਪ ਫੁੰਕਾਰਦਾ ਮੰਡ ਹੋਵੇ,
ਭਰੀ ਸਭਾ ਦਰੋਪਤੀ ਭੰਡ ਹੋਵੇ,
ਨਾਂ ਰਹੇ ਨਾ ਸ਼ਰਮ ਲਿਹਾਜ ਦਾ। ਮੈਥੋਂ...

ਜਿਵੇਂ ਤਨ ਤੋਂ ਵਿਛੜੀ ਰੂਹ ਹੋਵੇ,
ਮਿਰਗਾਂ ਤੋਂ ਸਖਣੀ ਜੂਹ ਹੋਵੇ,
ਤੇ ਬਾਂਸ, ਜੰਗਲ ਦਾ ਲੂਹ ਹੋਵੇ,
ਇਹ ਦਰਦ ਹੈ ਬੁਰੇ ਖ਼ੁਆਬ ਦਾ। ਮੈਥੋਂ...

ਪੋਹਲੀ, ਭੱਖੜਾ, ਖੇਤੀਂ ਖਿੜ ਜਾਵੇ,
ਖ਼ੂਹ ਵੱਗਦਾ, ਪੁੱਠਾ ਗਿੜ ਜਾਵੇ,
ਗੱਡੀ ਨਾਲ ਗੱਡੀ ਦੇ ਭਿੜ ਜਾਵੇ,
ਹੱਡੀ ਮਸਲਾ ਬਣੇ ਕਬਾਬ ਦਾ। ਮੈਥੋਂ...

ਜਿਵੇਂ ਖਾਂਦੀ ਦਿੱਲ ਕਰੰਗ ਹੋਵੇ,
ਜਿਵੇਂ ਘਰ ਵਿਚ ਲਗੀ ਜੰਗ ਹੋਵੇ,
ਜਿਵੇਂ ਮਰਜ਼ ਕੋਈ ਅਧਰੰਗ ਹੋਵੇ,
ਪਾਸਾ ਮਾਰਿਆ ਜਾਵੇ ਜਨਾਬ ਦਾ। ਮੈਥੋਂ...

ਫੁੱਲ ਖਿੜੇ, ਹਨੇਰੀ ਝੁੱਲ ਜਾਵੇ,
ਜਿਵੇਂ ਮੱਝ ਮਕਈ 'ਚ ਖੁੱਲ ਜਾਵੇ,
ਲਹੂ ਵਾਂਗ ਪਾਣੀ ਦੇ ਡੁਲ ਜਾਵੇ,
ਮਾਝੇ ਮਾਲਵੇ ਅਤੇ ਦੁਆਬ ਦਾ।
ਮੈਥੋਂ ਪੁਛ ਨਾ ਹਾਲ ਪੰਜਾਬ ਦਾ।



Sri Satguru Jagjit Singh Ji eLibrary NamdhariElibrary@gmail.com

# ਡਿੱਠਾ ਕੋਈ ਨਾ ਗੁਰੂ ਪਰਤਾਪ ਵਰਗਾ

—ਸੱਜਣ ਸਿੰਘ "ਹੂੰਜਣ" (ਸਿਆੜ)

ਅਟੱਲ ਪਰਤਾਪੀ ਵੱਡੇ ਪਰਤਾਪ ਵਾਲੇ ਸ੍ਰੀ ਸਤਿਗੁਰੂ ਮੇਰੇ ਪਰਤਾਪ ਸਿੰਘ ਜੀ।
ਬ੍ਰਹਮ ਗਿਆਨੀ ਤੇ ਉਚੇ ਜਪ ਜਾਪ ਵਾਲੇ ਸ੍ਰੀ ਸਤਿਗੁਰੂ ਮੇਰੇ ਪਰਤਾਪ ਸਿੰਘ ਜੀ।
ਪੂਰਨ ਰਾਗ ਤੇ ਸੁਹਣੇ ਅਲਾਪ ਵਾਲੇ ਸ੍ਰੀ ਸਤਿਗੁਰੂ ਮੇਰੇ ਪਰਤਾਪ ਸਿੰਘ ਜੀ।
ਅਖੀਂ ਦੇਖੇ ਮੈਂ ਚੋਜ ਨੇ ਆਪ ਵਾਲੇ ਸ੍ਰੀ ਸਤਿਗੁਰੂ ਮੇਰੇ ਪਰਤਾਪ ਸਿੰਘ ਜੀ।

ਉਹ ਦੇ ਗੁਣਾਂ ਦੀ ਗਿਣਤੀ ਕੀ ਕਰੇ ਕੋਈ ਸਾਰੇ ਗੁਣਾਂ ਦੇ ਵਿਚ ਭਰਪੂਰ ਸੀ ਉਹ।
ਮਸਤੀ ਵੰਡਣੀ ਮਸਤ ਬਣਾ ਦੇਣਾ ਉਹਦੇ ਨੇਤਰਾਂ ਵਿਚ ਸਰੂਰ ਸੀ ਉਹ।
ਜਿਧਰ ਨਦਰ ਕੀਤੀ ਨੂਰੋ ਨੂਰ ਕੀਤੇ ਆਇਆ ਨੂਰ ਵੰਡਣ ਰਬੀ ਨੂਰ ਸੀ ਉਹ।
ਸੱਜਣ ਸਦਾ ਹੀ ਅੰਗ ਸੰਗ ਰਹੇ ਜਿਹੜਾ ਮੇਰੇ ਸਿਰ ਦਾ ਸਾਹਿਬ ਹਜ਼ੂਰ ਸੀ ਉਹ।

ਸੁਨਣ ਵਾਲੇ ਦੇ ਦਿਲਾਂ ਵਿਚ ਜਾਣ ਉਕਰੇ ਉਹਦੇ ਵਚਨਾਂ ਦੇ ਵਿਚ ਤਾਸੀਰ ਸੀ ਉਹ।
ਜੋ ਕੋਈ ਸਹਿਜ ਸੁਭਾਉ ਵੀ ਵਚਨ ਕੀਤੇ ਪੂਰੇ ਹੋ ਕੇ ਰਹੇ ਅਖੀਰ ਸੀ ਉਹ।
ਪੁਛੋ ਉਹਨਾਂ ਨੂੰ ਜਿਹਨਾਂ ਨੇ ਦੀਦ ਕੀਤੇ ਸਾਰੇ ਕਹਿੰਦੇ ਨੇ ਪੀਰਾਂ ਦਾ ਪੀਰ ਸੀ ਉਹ।
ਸੱਜਣ ਮੇਰੇ ਜਹੇ ਲੱਖਾਂ ਅਪਰਾਧੀਆਂ ਦੀ ਹਥੀਂ ਆਪ ਲਿਖ ਦਿੰਦਾ ਤਕਦੀਰ ਸੀ ਉਹ।

ਉਹ ਦੇ ਪਹਿਰੇ ਵਿਚ ਸਿੱਖੀ ਜੋ ਵਧੀ ਫੂਲੀ ਨਹੀਂ ਜੱਗ ਤੇ ਹੋਰ ਮਿਸਾਲ ਦੇਖੀ।
ਅੱਖੀਂ ਦੇਖੇ ਨੇ ਪਿੰਡਾਂ ਦੇ ਪਿੰਡ ਕੂਕੇ, ਵਜਦੀ ਢੋਲਕੀ ਛੈਣੇ ਖੜਤਾਲ ਦੇਖੀ।
ਦੌਰੇ ਪਿੰਡਾਂ ਵਿਚ ਦੇਖੇ ਮੈਂ ਘੋੜਿਆਂ ਤੇ, ਸੰਗਤ ਫਿਰਦੀ ਬੇਅੰਤ ਮੈਂ ਨਾਲ ਦੇਖੀ।
ਡਿਠਾ ਕੋਈ ਨਾ ਗੁਰੂ ਪਰਤਾਪ ਵਰਗਾ ਸੱਜਣ ਸਿੰਘਾ ਮੈਂ ਦੁਨੀਆਂ ਸਭ ਭਾਲ ਦੇਖੀ।

ਕਲਮ ਸੱਜਣ ਦੀ ਲਿਖੇ ਕੀ ਸਿਫਤ ਉਸਦੀ ਸਿਫਤਾਂ ਉਹਦੀਆਂ ਲਿਖਦੇ ਵਿਦਵਾਨ ਤੁਰ ਗਏ।
ਉਹਨੂੰ ਖੋਜਦੇ, ਲਭਦੇ ਭੇਦ ਉਸਦੇ ਖ਼ੋਜੀ ਕਈ ਆਲਮ ਬੁਧੀਵਾਨ ਤੁਰ ਗਏ।
ਉਹਦੇ ਅਗੇ ਚਤਰਾਈ ਨਾ ਮੂਲ ਚਲੀ ਚਾਤਰ ਬਣਦੇ ਕਈ ਚਤਰ ਸੁਜਾਨ ਤੁਰ ਗਏ।
ਕਈ ਪੋਥੀਆਂ ਥੋਥੀਆਂ ਗਰੰਥ ਪੜ੍ਹਕੇ, ਬਣ ਕੇ ਗੁਣੀ ਗਿਆਨੀ ਗੁਣਵਾਨ ਤੁਰ ਗਏ।

ਸ੍ਰੀ ਸਤਿਗੁਰੂ, ਗੁਰੂ ਪਰਤਾਪ ਸਿੰਘ ਜੀ ਲੀਲਾ ਹੈ ਸੀ ਅਪਰ ਅਪਾਰ ਤੇਰੀ।
ਜਦੋਂ ਤਕ ਹੈ ਸੂਰਜ ਤੇ ਚੰਨ ਧਰਤੀ ਉਪਮਾ ਕਰੇਗਾ ਸਾਰਾ ਸੰਸਾਰ ਤੇਰੀ।
ਅਜ ਗੱਦੀ ਤੇ ਸੋਭਾ ਜੋ ਪਾ ਰਹੇ ਨੇ ਸਾਨੂੰ ਦਿਸਦੀ ਐ ਜੋਤ ਸਾਕਾਰ ਤੇਰੀ।
ਆਪਣੇ ਸੱਜਣ ਨੂੰ ਬਖਸ਼ੋ ਇਹ ਗਿਆਨ ਦਾਤਾ ਲਿਖ ਸਕਾਂ ਮੈਂ ਸਿਫਤ ਦਾਤਾਰ ਤੇਰੀ।

ਪਿੰਡ ਤੇ ਡਾਕਖਾਨਾ ਸਿਆੜ
ਜ਼ਿਲ੍ਹਾ ਲੁਧਿਆਣਾ



Sri Satguru Jagjit Singh Ji eLibrary NamdhariElibrary@gmail.com

# ਜ਼ਖ਼ਮੀ ਸਾਰੰਗੀ

—ਹਰਜੀਤ ਸਿੰਘ

ਬੰਸਰੀਆਂ ਅਤੇ ਅਲਗੋਜ਼ਿਆਂ ਦੇ ਪੋਰਾਂ 'ਤੇ ਧੂੜ ਦੀਆਂ ਪਰਤਾਂ ਜੰਮ ਗਈਆਂ ਨੇ, ਸਾਰੰਗੀ ਅਤੇ ਰਬਾਬ ਦੀਆਂ ਤਾਰਾਂ ਨਾਲ ਜਾਲੇ ਲਟਕਣ ਲਗ ਪਏ ਨੇ। ਕੱਚੀ ਮਿੱਟੀ ਦੀਆਂ ਕੰਧਾਂ ਤੇ ਉਕਰੀਆਂ ਮੋਰ ਘੁੱਗੀਆਂ ਤਿੜਕਣ ਲਗ ਪਈਆਂ ਨੇ ਤੇ ਸਾਡੇ ਲੋਕ-ਕਲਾਕਾਰ ਆਪੋ ਆਪਣੇ ਸਾਜ਼ਾਂ ਨੂੰ ਹਿੱਕ ਨਾਲ ਲਾਈ ਉਦਾਸ ਸੰਨੇ ਘਰਾਂ ਦੀਆਂ ਹਨੇਰੀਆਂ ਨੁੱਕਰਾਂ ਵਿਚ ਸਿਮਟ ਗਏ ਨੇ।

ਏਹ ਕੇਹੀ ਉਪਰਾਮਤਾ ਹੈ?

ਕੀ ਕੁਝ ਵਾਪਰਦਾ ਹੈ ਕੱਚੀ ਮਿੱਟੀ ਦੇ ਇਹਨਾਂ ਮਟਿਆਲੇ ਘਰਾਂ ਵਿਚ?

ਕਦੇ ਇਹਨਾਂ ਘਰਾਂ ਵਿਚ ਬੁੱਢੀ ਦਾਦੀ ਫੁਲਕਾਰੀ ਵਿਚ ਤਾਰੇ ਟੁੰਗਿਆ ਕਰਦੀ ਸੀ, ਬਜ਼ੁਰਗ ਕਵੀਸ਼ਰ ਪੀਲੂ ਦੇ ਹਰਫਾਂ ਨੂੰ ਸਾਜ਼ਾਂ ਦੀਆਂ ਤਾਰਾਂ ਵਿਚ ਪਰੋ ਕੇ ਰਖਦੇ ਸਨ, ਪ੍ਰੇਤ- ਰੂਹਾਂ ਨੂੰ ਭਰਮਾਉਣ ਲਈ ਢੋਲਾਂ ਦੀ ਲੈਅ 'ਤੇ ਘੁੰਮਦੇ ਸਿਰ ਪੀਰਾਂ ਦੀ ਇਬਾਦਤ ਕਰਦੇ ਸਨ। ਘੁੱਕਰ ਮੱਲ ਦੇ ਡੋਲਿਆਂ ਦੀਆਂ ਮੱਛੀਆਂ ਉਸ ਦੇ ਪਿੰਡੇ 'ਚੋਂ ਬਾਹਰ ਆ ਹਵਾ 'ਚੋਂ ਸਾਹ ਲੈ ਜਾਂਦੀਆਂ ਸਨ। ਪਰ ਹੁਣ ਤਾਂ ਟੁੱਕ ਖਾਤਰ ਪ੍ਰਦੇਸੀਂ ਗਏ ਜਵਾਨ ਪੁੱਤ ਬੁਢੇ ਹੋ ਘਰਾਂ ਨੂੰ ਪਰਤਦੇ ਹਨ। ਜ਼ਮੀਨ ਦੇ ਟੋਟੇ ਲਈ ਰਿਸ਼ਤਿਆਂ ਦੇ ਟੋਟੇ ਹੁੰਦਿਆਂ ਚਿਰ ਨਹੀਂ ਲਗਦਾ। ਸਚਮੁੱਚ ਬੜਾ ਕੁਝ ਵਾਪਰ ਰਿਹਾ ਹੈ, ਪਰ ਇਹਨਾਂ ਘਰਾਂ ਵਿਚ ਰਹਿਣ ਵਾਲਿਆਂ ਨੂੰ ਅੱਖਰ ਪਾਉਣੇ ਨਹੀਂ ਆਉਂਦੇ। ਇਹ ਲੋਕ ਤਾਂ ਆਪਣੇ ਮਨ ਦੀਆਂ ਬਾਤਾਂ ਘੁੱਗੀਆਂ ਤੋਤੇ ਵਾਹ ਕੇ, ਲੱਕੜ ਦੀਆਂ ਮੂਰਤਾਂ ਤਰਾਸ਼ ਕੇ ਜਾਂ ਬੰਸਰੀਆਂ ਅਲਗੋਜ਼ਿਆਂ ਦੀਆਂ ਸੁਰਾਂ ਥੀਂ ਆਖਦੇ ਹਨ। 'ਜੱਟ ਬਾਝ ਭਰਾਵਾਂ ਮਾਰਿਆ' ਦੀ ਵਿਲਕਦੀ ਸੁਰ ਮਿਰਜ਼ੇ ਦੀ ਹੀ ਨਹੀਂ, ਇਹ ਹੂਕ ਗਾਇਕ ਦੀ ਵੀ ਤਾਂ ਹੈ।

ਹੁਣ ਤਾਂ ਸਾਡਾ ਇਹ ਵਿਰਸਾ ਖੁਸ਼ਬੂਆਂ ਭਰਿਆ ਪਰ ਉਦਾਸ ਜਿਹਾ ਇਕ ਸੰਦਲੀ ਬੂਹਾ ਹੈ ਜਿਸ 'ਤੇ ਉਕਰੇ 'ਜੀਓ ਆਇਆਂ' ਆਖਦੇ ਹਰਫ ਵਕਤ ਦੀ ਧੂੜ ਹੇਠਾਂ ਛੁਪ ਗਏ ਹਨ। ਹੁਣ ਤਾਂ ਕੋਈ ਭੁਲ ਭੁਲੇਖੇ ਹੀ ਇਧਰ ਆਉਂਦਾ ਹੈ ਤੇ ਜਦ ਕੋਈ ਰਾਹੀ ਇਸ ਦੀਆਂ ਦਹਿਲੀਜ਼ਾਂ ਵਿਚ ਆ ਬੈਠੇ, ਤਾਂ ਇਹ 'ਸੰਦਲੀ ਬੂਹਾ' ਬੀਤੇ ਦੀਆਂ ਬਾਤਾਂ ਪਾਉਣ ਲਗਦਾ ਹੈ—ਤਾਰਿਆਂ, ਬੂਹੇ-ਬਾਰੀਆਂ, ਬਾਗ ਫੁਲਕਾਰੀਆਂ, ਖੂਹਾਂ ਹਵੇਲੀਆਂ ਜਾਂ ਢੱਡ ਸਾਰੰਗੀ ਦੀਆਂ ਬਾਤਾਂ। ਜੇ ਤੁਸੀਂ ਇਸ ਸੰਦਲੀ ਬੂਹੇ ਦੀਆਂ ਬਾਤਾਂ ਸੁਣੋਗੇ ਤਾਂ ਤੁਹਾਡਾ ਮਨ ਜਦੋਂ ਵੀ ਉਦਾਸ ਹੋਏਗਾ ਤਾਂ ਭੂਰੇ ਘਰ, ਮਿੱਟੀ ਦੇ ਮੋਰ, ਗੀਤ ਗਾਉਂਦੇ ਸਾਜ਼, ਅਲਮਸਤ ਖਾਨਾਬਦੋਸ਼ ਅਤੇ ਪੀਰਾਂ ਦੀਆਂ ਦਰਗਾਹਾਂ 'ਤੇ ਬਲਦੇ ਚਿਰਾਗ ਤੁਹਾਡੀ ਸੁੰਨੀ ਰੂਹ 'ਤੇ ਦਸਤਕ ਦਿਆ ਕਰਨਗੇ ਤੇ ਫੇਰ ਬਾਤਾਂ ਪਾਈਏ—

ਤੇ ਪਹਿਲੀ ਬਾਤ ਇਕ ਜ਼ਖਮੀ ਸਾਰੰਗੀ ਦੀ ਬਾਤ ਹੈ—

ਇਹ ਜ਼ਖ਼ਮੀ ਸਾਜ਼ ਤਾਏ ਨੰਦੀ ਦਾ ਹੈ—

ਤੇ ਤਾਇਆ ਨੰਦ ਅੱਜ ਕਲ ਰਿਕਸ਼ਾ ਵਾਹੁੰਦਾ ਹੈ—

ਭਲਾ ਤਾਇਆ ਨੰਦੀ ਰਿਕਸ਼ਾ ਕਿਉਂ ਵਾਹੁੰਦਾ ਹੈ? ਇਹ ਦੀ ਵੀ ਤਾਂ ਇਕ ਲੰਬੀ ਕਹਾਣੀ ਹੈ—

ਉਸ ਦਿਨ ਪਰਛਾਵੇਂ ਢਲ ਰਹੇ ਸਨ, ਆਕਾਸ਼ ਨੇ ਸੰਧੂਰੀ ਬੁੱਕਲ ਮਾਰੀ ਹੋਈ ਸੀ ਤੇ ਪਰਿੰਦਿਆਂ ਦੇ ਝੁੰਡ ਘਰਾਂ ਨੂੰ ਪਰਤ ਰਹੇ ਸਨ। ਤਾਇਆ ਨੰਦੀ ਵੀ ਹਸਪਤਾਲੋਂ ਘਰ ਪਰਤ ਰਿਹਾ ਸੀ।

ਜਦ ਵਿਰਲੇ-ਵਿਰਲੇ ਸਾਹ ਲੈ ਰਹੀ ਤਾਈ ਨੂੰ ਮੋਢੇ ਚੁਕ ਉਹ ਡੋਲਦੇ ਕਦਮੀਂ ਹਸਪਤਾਲੋਂ ਬਾਹਰ ਆਇਆ ਤਾਂ ਉਸ ਨੇ ਆਪਣੀ ਤੜਫੜਾਉਂਦੀ ਜ਼ਬਾਨ ਨੂੰ ਜਿਵੇਂ ਮੁੱਠੀ ਵਿਚ ਦਬੋਚ ਲਿਆ ਸੀ। ਉਸ ਦੇ ਪਿਛੇ 'ਵਾਗਰੂ ਵਾਗਰੂ' ਦੀਆਂ ਤਰਸ-ਭਿੱਜੀਆਂ ਆਵਾਜ਼ ਦਾ ਸ਼ੋਰ ਸੀ।

ਤਾਈ ਨੂੰ ਇਕ ਰਿਕਸ਼ਾ ਵਿਚ ਬਿਠਾ ਉਹ ਪਿੰਡ ਵਲ ਤੁਰ ਪਿਆ। ਪੰਦਰਾਂ ਕੋਹਾਂ ਦਾ ਪੈਂਡਾ ਸੀ। ਜਿਉਂ ਹੀ ਰਿਕਸ਼ਾ ਸ਼ਹਿਰ ਛਡ ਪਿੰਡ ਦੀ ਸੜਕੇ ਪਿਆ ਤਾਂ ਤਾਏ ਦੇ ਮਨ ਵਿਚਲਾ ਜ਼ਖਮੀ ਗੁੰਗਾ ਘੋੜਾ ਜਿਹੜਾ ਹੁਣ ਤਕ ਚਾਬਕਾ ਖਾਂਦਾ ਹੋਇਆ ਵੀ ਖਾਮੋਸ਼ ਸੀ, ਬੇਕਾਬੂ ਹੋ ਗਿਆ ਤੇ ਤਾਇਆ ਹੁਬਕੀਂ ਰੋ ਉਠਿਆ।

'ਜੇਰਾ ਕਰ ਬਾਈ ਸਿਆਂ ਜੇਰਾ ਰਿਕਸ਼ੇ ਵਾਲਾਂ ਪਿਛੇ ਮੁੜ ਕੇ ਬੋਲਿਆ, 'ਲੈ ਮੇਰੇ ਕੰਨੀ ਵੇਖ ਉਏ, ਅਸੀਂ ਹਲ ਵਾਹੁਣ ਵਾਲੇ ਰਿਕਸ਼ੇ ਘੜੀਸੀ ਜਾਨੇ ਆਂ। ਪਿੰਡ ਮੇਰੀ ਜ਼ਮੀਨ ਵਿਚ ਮੇਰੇ ਸ਼ਰੀਕਾਂ ਦੇ ਟਰੈਕਟਰ ਚਲਦੇ ਆ, ਤੇ ਤਵੀਆਂ ਮੇਰੇ ਪਿੰਡੇ 'ਚੋਂ ਲੰਘਦੀਆਂ। ਬਾਈ ਸਿਹਾਂ ਕੀ ਪੁਛਦੈਂ? ਸਾਲਿਆਂ ਮੇਰਿਆਂ ਨੇ ਨਿੱਕੀ-ਨਿੱਕੀ ਪਨੀਰੀ ਨੀਂ ਛੱਡੀ ਪਰ ਆਪਾਂ ਵੀ ਅੰਝੂ ਨੀਂ ਸਿਟਿਆ, ਬਾਰਾਂ ਬਰ੍ਹੇ ਗਾਲਤੇ ਜੇਲ੍ਹ 'ਚ ਅੱਡੀਆਂ ਰਗੜਦਿਆਂ-ਓ ਕਰੌਂਦਾ ਸਭ ਕੁਸ।' ਸੜਕ ਦਾ ਮੋੜ ਕਟਦਿਆਂ ਫੇਰ ਬੋਲਿਆ।

'ਮਰੀਜ਼ ਕੌਣ ਆ ਬਾਈ ਸਿਆਂ?'

ਤਾਏ ਦੇ ਮੂੰਹੋਂ ਮਸਾਂ ਵੀ ਬੋਲ ਨਿਕਲੇ, 'ਆਪਣੇ ਘਰੋਂ ਆ।'

'ਕੀ ਕਰਦੇ ਹੁੰਨੈ?'

'ਸਭ ਕੁਸ ਈ ਕਰਦੇ ਪੈਂਦਾ, ਤਾਏ ਨੇ ਚਿਰੋਂ ਤੇਜ਼ਾਬ

Sri Satguru Jagjit Singh Ji eLibrary NamdhariElibrary@gmail.com

ਦਾ ਘੁੱਟ ਭਰਿਆ ਹੋਵੇ, 'ਬਾਜ਼ੀਗਰ ਆਂ, ਪਰ ਸਾਰੀ ਉਮਰ ਕਵੀਸ਼ਰੀ ਕਰਦਾ ਰਿਹਾ, ਹੁਣ ਤਾਂ ਦਿਹਾੜੀ ਦੱਪਾ...।'

'ਕੀ ਨਾਂ ਦਸਿਆ ਬਾਈ ਨੇ', ਤੇ ਰਿਕਸ਼ੇ ਵਾਲਾ ਤਾਏ ਦਾ ਨਾਂ ਸੁਣ ਜਿਵੇਂ ਸੁੰਨ ਹੋ ਗਿਆ ਸੀ।

'ਲੈ ਤੈਨੂੰ ਕੋਈ ਭੁਲਿਆ ਬਾਈ ਸਿਹਾਂ, ਓ ਤੇਰੇ ਜੋੜੇ ਛੰਦ ਗਾ ਗਾ ਕੇ ਤਾਂ ਮੈਂ ਜੇਲ੍ਹ ਕੱਟੀ ਆ। ਤੇਰੇ ਅਰਗੇ ਛੰਦ ਕਿਸੇ ਹੋਰ ਨੇ ਨੀਂ ਘੜ ਲੈਣੇ। ਪਰ ਬਾਈ ਸਿਆਂ ਤੂੰ ਤਾਂ ਜਮਾਂ ਈ ਪਛਾਣੋਂ ਗਿਆ। ਲੈ ਰੌਸ਼ਨੀ ਦੇ ਮੇਲੇ 'ਤੇ ਜਗਰਾਵੀਂ ਤੈਨੂੰ ਕਿੰਨੀ ਵਾਰੀ ਦੇਖਿਆ ਸੀ। ਉਦੋਂ ਤਾਂ ਤੇਰੀ ਮਜਾਜ ਈ ਹੋਰੂੰ ਸੀ। ਜਿਹੜਾ ਕੇਰਾਂ ਬਹਿ ਗਿਆ ਪਿੜ 'ਚ ਬਸ ਕੀਲਤਾ ਮਦਾਰੀ ਅੰਗੂ। ਬਾਈ ਨਿਕੇ ਹੁੰਦੇ ਤੇਰੀ ਰੀਸੇ ਅਸੀਂ ਅੱਕ ਦੇ ਡੰਡੇ 'ਚ ਫਸਾ ਕੇ ਨਾ ਟੀਨ ਦੇ ਡਬੇ ਸਾਰਾ ਦਿਨ ਗਾਉਂਦੇ ਰਹਿਣਾ...ਰਾਣੀ ਕੌਲਾਂ ਦਾ ਪ੍ਰਸੰਗ... ਕਿਸਮਤਾਂ। ਕੀ ਬਮਾਰੀ ਆ, ਕੁਸ ਦਸਦੇ ਆ ਡਾਗਦਾਰ ?'

'ਮਰੀਜ਼ ਨੇ ਬਚਣਾ ਨੀਂ', ਤਾਏ ਨੇ ਵਲ੍ਹੂੰਧਰੇ ਗਲੇ 'ਚੋਂ ਮਸੀਂ ਦੋ ਬੋਲ ਕਢੇ। 'ਕੋਈ ਨੀ, ਕੋਈ ਨੀਂ ਤਕੜਾ ਹੋ।'

ਇਉਂ ਦੁਖ ਸੁਖ ਫੋਲਦੇ ਉਹ ਵਾਹਵਾ ਰਾਤ ਗਈ ਪਿੰਡ ਅਪੜੇ ਤਾਂ ਚੁਬਾਰਿਆਂ 'ਚ ਲਗੇ ਲਾਟੂ ਚਾਨਣ ਦੇ ਲਟਕਦੇ ਗੁਛੇ ਲਗ ਰਹੇ ਸਨ। ਲਾਗਲੇ ਪਿੰਡ ਲਗੇ ਸਪੀਕਰ ਦੀ ਆਵਾਜ਼ ਹਵਾ ਦੇ ਬੁਲ੍ਹਿਆਂ ਨਾਲ ਕਦੇ ਮੱਧਮ ਜਾਪਦੀ ਕਦੇ ਤੇਜ਼। ਬਾਹਰ ਫਿਰਨੀ ਤੋਂ ਹੁੰਦੇ ਹੋਏ ਉਹ ਘਰੇ ਅਪੜੇ, ਕੋਠੜੀ ਅਗੇ ਰਿਕਸ਼ਾ ਖਲਿਆਰ ਉਹ ਦੁਪਟੇ ਨਾਲ ਪੈਰ ਝਾੜਨ ਲਗ ਪਿਆ। ਤਾਏ ਨੇ ਜੇਬ 'ਚੋਂ ਜੰਗਾਲੀ ਹੋਈ ਚਾਬੀ ਕੱਢ ਰਿਕਸ਼ੇ ਵਾਲੇ ਨੂੰ ਫੜਾ ਦਿਤੀ।

ਤਾਈ ਦੀ ਲਾਠ ਹੋ ਰਹੀ ਦੇਹੀ ਨੂੰ ਮੰਜੀ ਤੇ ਲਿਟਾ ਜਦ ਤਾਏ ਨੇ ਦੀਵਾ ਬਾਲਿਆ ਤਾਂ ਕੰਬਦੀ ਲਾਟ ਵਿਚ ਤਾਈ ਦਾ ਚਿਹਰਾ ਵੇਖ ਉਹ ਕੰਬ ਉਠਿਆ।

'ਸਵਾਸ ਪੂਰੇ ਹੋ ਗੇ', ਰਿਕਸ਼ੇ ਵਾਲੇ ਨੇ ਨਕਜ਼ ਵੇਖ-ਦਿਆਂ ਕਿਹਾ।

ਤਾਏ ਦੀ ਰੂਹ ਵਿਚਲੇ ਚਾਬਕਾਂ ਨਾਲ ਵਲ੍ਹੂੰਧਰੇ ਹਜ਼ਾਰਾਂ ਘੋੜੇ ਚਿੰਘਾੜਨ ਲਗ ਪਏ।

'ਜੇਰਾ ਕਰ ਬਾਈ ਜੇਰਾ, ਆਂਢ-ਗੁਆਂਢ ਖਬਰ ਕਰ ਦਿਆਂ ?' ਪਰ ਤਾਏ ਨੇ ਇਨਕਾਰ ਕਰ ਦਿਤਾ। ਕੰਬਦਿਆਂ ਨਾਲ ਇਕ ਸੰਦੂਕੜੀ ਖੋਲ੍ਹ ਕੁਝ ਧੁਆਂਖੇ ਨੋਟ ਰਿਕਸ਼ੇ ਵਾਲੇ ਵਲ ਵਧਾ ਦਿਤੇ।

'ਨਾ ਓ ਬਾਈ ਸਿਆਂ, ਕਿਉਂ ਪਾਪ ਚੜ੍ਹਾਉਂਦੇ। ਤੂੰ ਕੋਈ ਸੇਵਾ ਦਸ, ਮੈਂ ਪੁਛਿਆ ਸੀ ਕਹੇਂ ਤਾਂ ਪਿੰਡ ਵਾਲਿਆਂ ਨੂੰ ਖਬਰ ਕਰ ਦਿਆਂ ?'

'ਪਿੰਡ ਕੌਣ ਆ ਆਪਣਾ, ਤੜਕੇ ਖਬਰ ਕਰ ਦਿਆਂਗੇ।' ਫੇਰ ਤਾਏ ਨੰਦੀ ਨੇ ਸਾਰੰਗੀ ਲਾਹੀ, ਨਿੱਕੀਆਂ-ਨਿੱਕੀਆਂ ਮੋਰੀਆਂ 'ਤੇ ਆਟੇ ਦੀਆਂ ਚਿਪਰਾਂ ਲਗੀਆਂ ਹੋਈਆਂ ਸਨ। ਖ਼ਰਖਰੀ ਜਹੀ ਆਵਾਜ਼ ਉਭਰੀ 'ਤੇ ਉਹ ਰਾਣੀ ਕੌਲਾਂ ਦੀ ਤਰਜ਼ ਛੋਹ ਬੈਠਾ। ਮੱਧਮ ਜਿਹੀ ਕੰਬਦੀ ਲੋ ਵਿਚ ਰਿਕਸ਼ੇ ਵਾਲੇ ਨੇ ਵੇਖਿਆ ਇਕ ਖੂੰਜੇ ਤੀਲ੍ਹਿਆਂ ਦੇ ਖਿਡੌਣਿਆਂ ਦਾ ਢੇਰ ਪਿਆ ਸੀ। ਮੇਖ ਨਾਲ ਅਠਕਲੀਏ ਛਣਕਣਿਆਂ ਦਾ ਰੰਗੀਨ ਗੁਛਾ ਲਟਕ ਰਿਹਾ ਸੀ।

ਦਿਨ ਚੜੇ ਲੋਕ ਕਿਰਿਆ ਕਰਮ ਕਰਵਾ ਗਏ। ਸਾਰਾ ਦਿਨ ਉਹ ਚਿੱਟੀ ਚਾਦਰ 'ਤੇ ਬੈਠੇ ਤਾਈ ਦੀਆਂ ਯਾਦਾਂ ਨੂੰ ਫੋਲਦੇ ਰਹੇ। ਫੇਰ ਅਗਲੇ ਦਿਨ ਸੂਰਜ ਦੇ ਚੜ੍ਹਾਅ ਨਾਲ ਰਿਕਸ਼ੇ ਵਾਲਾ ਗੱਦੀ ਪੂੰਝਦਾ ਬੋਲਿਆ 'ਚੰਗਾ ਬਾਈ ਸਿਆਂ, ਮਿਲਦਾ ਗਿਲਦਾ ਰਹੀਂ, ਮੈਨੂੰ ਤਾਂ ਛੁੱਟੀ ਦੇ।'

'ਮੈਂ ਤੇਰੇ ਨਾਲ ਈ ਚਲਦਾਂ।' ਇਹ ਆਖ ਤਾਇਆ ਕੋਠੜੀ ਵਲ ਵਾਪਸ ਮੁੜ ਗਿਆ। ਇਕ ਡੂੰਘੀ ਨਜ਼ਰ ਉਸਨੇ ਤੀਲਿਆਂ ਦੇ ਛਣਕਣਿਆਂ, ਜ਼ਖਮੀ ਸਾਰੰਗੀ, ਮੇਲੇ ਵਿਚ ਲੁਹਾਈ ਮੂਰਤ 'ਤੇ ਸੁਟੀ। ਤਖਤੇ ਢੋ ਜੰਗਾਲਿਆ ਜੰਦਰਾ ਲਾਉਂਦਾ ਉਹ ਫੇਰ ਰਾਣੀ ਕੌਲਾਂ ਦਾ ਪ੍ਰਸੰਗ ਗਾਉਣ ਲਗ ਪਿਆ। ਫਿਰ ਰਿਕਸ਼ੇ ਵਾਲੇ ਦੇ ਮੋਢੇ 'ਤੇ ਹੱਥ ਰਖ ਆਖਣ ਲਗਾ, 'ਲੈ ਬਾਈ ਸਿਆਂ ਇਕ ਹਸਾਨ ਹੋਰ ਕਰਦੇ ਮੇਰੇ 'ਤੇ, ਰਖਸ਼ਾ ਚਲਾਉਣਾਂ ਸਿਖਾਦੇ।'

'ਲੈ ਹੁਣ ਤੇਰੀ ਉਮਰ ਆ, ਏਸ ਕੰਮ ਦੀ', ਪਰ ਉਹ ਕੁਝ ਨਾ ਬੋਲਿਆ। ਉਸ ਨੇ ਜੇਬ 'ਚੋਂ ਕਾਗਜ਼ਾਂ ਦਾ ਰੁਗ ਜਿਹਾ ਕੱਢਿਆ। ਦਵਾਈਆਂ ਦੀਆਂ ਪਰਚੀਆ ਤੇ ਬਿਲਾਂ ਦੀ ਥੱਦੀ ਸੀ। ਉਸ ਨੇ ਕਾਗਜ਼ ਪਰ੍ਹਾਂ ਵਗਾਹ ਕੇ ਮਾਰੇ ਤੇ ਖੱਬਾ ਪੈਰ ਪੈਡਲ 'ਤੇ ਰਖ ਦਿਤਾ।

'ਲੈ ਹੈਂਡਲ ਨੂੰ ਜ਼ੋਰ ਲਾ ਕੇ ਫੜੀਂ, ਕਿਤੇ ਖੱਬੇ ਦਾਬੂ ਨਾ ਹੋ ਜੇ।' ਰਿਕਸ਼ੇ ਵਾਲਾ ਤਾਕੀਦ ਕਰਦਾ ਬੋਲਿਆ। ਪਰ ਤਾਏ ਦਾ ਪੈਰ ਪੈਡਲ ਤੋਂ ਤਿਲਕ ਗਿਆ।

ਇਕ ਆਵਾਜ਼ ਉਭਰੀ, ਉਸ ਨੂੰ ਲਗਿਆ ਜਿਵੇਂ ਉਸ ਦੀ ਜ਼ਖਮੀ ਸਾਰੰਗੀ ਡਿਗ ਕੇ ਚੂਰ ਚੂਰ ਹੋ ਗਈ ਹੋਵੇ,ਜਿਵੇਂ ਇਕ ਇਕ ਕਰਕੇ ਸਾਰੰਗੀ ਦੀਆਂ ਤਾਰਾਂ ਟੁੱਟ ਰਹੀਆਂ ਹੋਣ।

ਹੁਣ ਤਾਇਆ ਨੰਦੀ ਰਿਕਸ਼ਾ ਵਾਹੁੰਦਾ ਹੈ। ਕਦੀ ਕਦਾਈਂ ਰੋਸ਼ਨੀ ਦੇ ਮੇਲੇ 'ਤੇ ਨਜ਼ਰ ਵੀ ਆ ਜਾਂਦਾ ਏ। ਪਰ ਹੁਣ ਉਸ ਦੀ ਬੁੱਢੀ ਆਵਾਜ਼ ਨੂੰ ਕੋਈ ਨਹੀਂ ਸੁਣਦਾ। ਤੇ ਨਾ ਹੀ ਉਸ ਨੂੰ ਕੋਈ ਪਹਿਚਾਣਦਾ ਹੈ ਕਿ ਉਹ ਕਦੇ ਸਾਰੰਗੀ ਦਾ ਬਾਦਸ਼ਾਹ ਹੋਇਆ ਕਰਦਾ ਸੀ। ਮੇਲਿਆਂ ਵਿਚ ਹਵਾ ਦੇ ਨਾਲ ਉਸ ਦੀ ਸਾਰੰਗੀ ਦੇ ਸੁਰ ਵੀ ਤੈਰਿਆ ਕਰਦੇ ਸਨ।

ਪਤਾ ਨਹੀਂ ਕਿੱਥੇ ਹੋਏਗੀ ਉਸ ਦੀ ਜ਼ਖਮੀ ਸਾਰੰਗੀ ?

ਪਤਾ ਨਹੀ ਕਿਥੇ ਹੋਏਗਾ ਤਾਇਆ ਨੰਦੀ ?

ਜੇ ਤੁਹਾਨੂੰ ਕੋਈ ਪਤਲਾ ਕਿਹਾ ਬਿਰਧ ਰਿਕਸ਼ੇ ਦੀਆਂ ਤਾਰਾਂ ਵਾਲੇ ਪਹੀਏ ਨਾਲ ਛੋਹ ਲਾਈ ਸਾਰੰਗੀ ਵਜਾਉਂਦਾ ਮਿਲੇ ਤਾਂ ਪੁਛਣਾ, 'ਤੂੰ ਤਾਇਆ ਨੰਦੀ ਤਾਂ ਨਹੀਂ ?'

ਨਵ ਪ੍ਰਕਾਸ਼ਿਤ ਪੁਸਤਕ 'ਸੰਦਲੀ ਬੂਹਾ' 'ਚੋਂ


Sri Satguru Jagjit Singh Ji eLibrary NamdhariElibrary@gmail.com

# ਸਮਰਪਿਤ ਚਰਿੱਤਰ

—ਪ੍ਰੀਤਮ ਸਿੰਘ ਕਵੀ

ਸੇਵਾ, ਸਿਮਰਨ ਅਤੇ ਸਮਰਪਨ ਦੀ ਸਾਕਾਰ ਮੂਰਤ ਬੀਬੀ ਮਹਿੰਦਰ ਕੌਰ ਦੀ ਛੇਵੀਂ ਬਰਸੀ ੧-੯-੧੯੯੧ ਨੂੰ ਹੈ। ਬਹੁਤ ਵਿਸ਼ਾਲ ਅਤੇ ਸਮਰਿਧ ਪਰਿਵਾਰ ਦੀ ਗ੍ਰਹਿ ਸਵਾਮਿਣ ਅਤਿ ਦਰਜੇ ਦੀ ਨਿਰਮਾਨ ਸੀ। ਇਸੇ ਕਰਕੇ ਉਹ ਅਜ ਤਕ ਲੋਕ ਮਨਾ ਵਿਚ ਸਥਾਪਿਤ ਹੈ।

ਬੀਬੀ ਜੀ ਦੇ ਜੀਵਨ ਸਾਥੀ ਸੇਠ ਤ੍ਰਲੋਕ ਸਿੰਘ ਚਾਵਲਾ ਬੀਬੀ ਜੀ ਦੀ ਬਰਸੀ ਤੇ ਹਰ ਸਾਲ ਵਰਿਆਮ ਦੇ ਪੰਨਿਆਂ ਰਾਹੀਂ ਵਿਛੜੀ ਮਹਾਨ ਆਤਮਾ ਦੀ ਖੁਸ਼ਬੋ ਦਾ ਸੰਚਾਰ ਕਰਨ ਦਾ ਜਤਨ ਕਰਦੇ ਹਨ। ਇਸ ਵਾਰ ਪ੍ਰਸਿਧ ਲੇਖਕ ਅਤੇ ਪਰਿਵਾਰ ਦੇ ਨਿਕਟਵਰਤੀ ਮਿਤਰ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੀ ਪ੍ਰੌਢ ਕਲਮ 'ਚੋਂ ਨਿਕਲਿਆ ਇਕ ਲੇਖ ਅਤੇ ਸੇਠ ਤ੍ਰਲੋਕ ਸਿੰਘ ਚਾਵਲਾ ਦੇ ਆਪਣੇ ਹਿਰਦੇ 'ਚੋਂ ਕਵਿਤਾ ਦੇ ਰੂਪ ਵਿਚ ਉਗਮੀ ਵੇਦਨਾ ਸ਼ਰਧਾਂਜਲੀ ਵਜੋਂ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ।

—ਸੰਪਾਦਕ

ਜ਼ਿੰਦਗੀ ਬੜੀ ਦਿਲਚਸਪ ਕਾਰਜ ਖੇਤਰ ਹੈ। ਇਸ ਵਿਚ ਦਾਖਲ ਹੁੰਦਿਆਂ ਹੀ ਪ੍ਰਥਮ "ਊਆਂ ਊਆਂ" ਤੋਂ ਲੈ ਵਡੇ ਕੱਥਕੜ, ਮਹਾਨ ਲੇਖਕ, ਚੁਕਵੇਂ ਕਾਰੋਬਾਰੀ ਅਤੇ ਵਿਖਿਆਤ ਰਾਜ ਨੇਤਾ ਬਣ ਜਾਣ ਤਕ ਸਾਡਾ ਵਿਵਧ ਪ੍ਰਕਾਰ ਦੇ ਲੋਕਾਂ ਨਾਲ ਸੰਪਰਕ ਹੁੰਦਾ ਹੈ। ਕੁਝ ਮਾਂ ਵਰਗੇ ਮਮਤਾ ਭਰੇ, ਸ਼ਦਾ ਧਿਆਨ ਵਿਚ ਰਖਣ ਵਾਲੇ, ਕੁਝ ਪਿਤਾ ਸਮਾਨ ਜ਼ਿਮੇਵਾਰ ਅਤੇ ਕੁਝ ਮਿੱਤਰਾਂ ਵਰਗੇ ਉਡੀਕਾਂ ਦਾ ਕਾਰਨ ਬਣੇ ਰਹਿੰਦੇ ਹਨ। ਕਿਸੇ ਦੇ ਤੁਰ ਗਿਆਂ ਸਾਡੇ ਕੰਨਾਂ ਤੇ ਜੂੰ ਨਹੀਂ ਸਰਕਦੀ, ਕਿਸੇ ਦੇ ਵਿਦਾ ਹੋਣ ਨਾਲ ਸਾਡੇ ਪ੍ਰਾਣ ਤਕ ਪਿਛਾ ਕਰਦੇ ਹਨ। ਜ਼ਿੰਦਗੀ ਨੂੰ ਗਹਿਰ ਗੰਭੀਰ ਹੋ ਤਣ ਵਾਲੇ ਮਹਾਨ ਫਿਲਾਸਫਰ, ਇਸ ਵਿਚ ਹਲਕਾ ਫੁਲਕਾ ਵਿਚਰਣ ਵਾਲੇ ਆਮ ਆਦਮੀ। ਪਰ ਮਾਂ, ਮਿੱਤਰ ਅਤੇ ਪਿਤਾਤਵ ਦਾ ਅਹਿਸਾਸ ਕਰਵਾਣ ਵਾਲੇ ਵਿਰਲੇ ਕਿਤੇ ਦਿਸਦੇ ਹਨ।

ਬੀਬੀ ਮਹਿੰਦਰ ਕੌਰ ਸਿਠਾਣੀ ਸੇਠ ਤਰਲੋਕ ਸਿੰਘ ਚਾਵਲਾ ਨੂੰ ਜ਼ਿੰਦਗੀ ਤੋਂ ਜੁਦਾ ਹੋਇਆਂ ੬ ਸਾਲ ਬੀਤ ਗਏ ਹਨ ਪਰ ਉਸ ਨਾਲ ਸੰਬੰਧਤ ਲੋਕ ਅਜੇ ਵੀ ਉਸ ਨੂੰ ਭੁਲੇ ਨਹੀਂ। ਉਸ ਦੇ ਪਤੀ ਸੇਠ ਚਾਵਲਾ ਜਦੋਂ ਦੋ ਸਾਲ ਪਹਿਲਾਂ ਦਿਲ ਦੀ ਬਿਮਾਰੀ ਨਾਲ ਪੀੜਤ ਸਨ, ਮੈਨੂੰ ਵੇਖਦਿਆਂ ਹੀ ਕਹਿਣ ਲਗੇ: ਜੇ ਮੈਂ ਇਸ ਵਾਰ ਬੱਚ ਨਿਕਲਿਆ ਤਾਂ



ਬੀਬੀ ਮਹਿੰਦਰ ਕੌਰ

ਤੁਹਾਨੂੰ, ਭਰਪੂਰਤਾ ਨਾਲ ਜੀਉਂਦੇ ਵਖਾਲਾਂਗਾ। ਤੁਹਾਡੇ ਵਾਂਗ ਲੰਮੀ ਉਮਰ ਦੇ ਸੁਪਨੇ ਲਵਾਂਗਾ ਅਤੇ ਸਰਗਰਮੀ ਨਾਲ ਜੀਵਾਂਗਾ ਠੀਕ ਉਹ ਪਰਵਾਰਕ ਪਿੜ ਵਿਚ ਸਾਥੀਉਂ ਵੰਚਿਤ ਹੋ ਗਏ ਹਨ ਪਰ ਉਹਨਾਂ ਇਕਲਾਪੇ ਦਾ ਜ਼ਿਕਰ ਕਦੇ ਨਹੀਂ ਕੀਤਾ। ਸੱਤ ਪੁਤਰਾਂ ਦੇ ਕਾਰੋਬਾਰਾਂ ਦੇ ਸੈੱਟ ਕਰਨ ਵਿਚ ਨੰਗੇ ਧੜ ਜੂਝ ਰਹੇ ਹਨ। ਤਾਂ ਵੀ, ਉਹਨਾਂ ਦੇ ਅੰਦਰੋਂ ਅਜੇ ਮਹਿੰਦਰ ਕੌਰ ਨਹੀਂ ਨਿਕਲੀ। ਪਿਛਲੇ ਦਿਨੀਂ ਉਹਨਾਂ ਦੀ ਇਕ ਸਾਦ ਮੁਰ ਦੀ ਕਵਿਤਾ ਸੁਣਨ ਨੂੰ ਮਿਲੀ, ਜਿਸ ਵਿਚ ਉਹਨਾਂ ਆਪਣੀ ਗੁਰਪੁਰੀ ਸਿਧਾਰ ਗਈ ਅਰਧਾਂ-ਗਣੀ ਨੂੰ ਤਰਲਾ ਲਿਆ ਸੀ: ਤੂੰ ਮੇਰੇ ਚੇਤੇ ਵਿਚ ਨਾ ਆਇਆ ਕਰ।

ਪਰ ਜਿਸ ਦੇ ਸੰਗ ਸਾਥ ਵਿਚ ੪੦ ਤੋਂ ਵਧ ਬਹਾਰਾਂ ਮਾਣੀਆਂ ਹੋਣ, ਜਿਸ ਦੇ ਨਾਲ ਮਿਲ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸਤਿਗੁਰੂ ਜਗਜੀਤ ਸਿੰਘ ਦੇ ਚਰਨਾਂ ਨਾਲ ਨੇੜਿਉਂ ਜੁੜ ਕੇ ਉਹਨਾਂ ਦੇ ਪ੍ਰੇਮ ਨੂੰ ਆਤਮਸ਼ਾਤ ਕੀਤਾ ਹੋਵੇ, ਜਿਸ ਦੇ ਸੁਖਾਵੇਂ ਸਾਥ ਕਾਰਨ ਹੀ ਦੁਨੀਆਂ ਨੂੰ ਆਪਣੇ ਜਿਹੇ ਸੱਤ ਬੇਟੇ ਅਤੇ ਉਹ ਦੇ ਜੇਹੀ ਇਕ ਪੁਤਰੀ ਹੀ ਪਰਮ ਸਮਰਿਧ ਪਰ ਜ਼ਿੰਦਗੀ ਦੀ ਧੜਕਣ ਵਲੋਂ ਲੰਮਾਂ ਚਿਰ ਵੀਰਾਨ ਰਹੇ ਘਰ ਵਿਚ ਰੌਣਕਾਂ ਦੀ ਕਿਲਾਕਰੀਆਂ



Sri Satguru Jagjit Singh Ji eLibrary NamdhariElibrary@gmail.com

ਸੁਣਨ ਨੂੰ ਮਿਲੀਆਂ ਹੋਣ, ਜਿਸ ਦੀ ਹੋਂਦ ਵਿਚ ਪਰਵਾਰਕ ਸਮਰਿਧੀ ਦੀਆਂ ਉਚਾਈਆਂ ਦਾ ਸੁੱਖ ਲੁਟਿਆ ਹੋਵੇ, ਸਮਾਜਕ ਵਡੱਪਣ ਹਾਸਲ ਕੀਤਾ ਹੋਵੇ ਉਹ ਭਲਾ ਹਰ ਪਲ ਕਿਵੇਂ ਨਾ ਅੱਖਾਂ ਅਗੇ ਰਹੇ। ਪ੍ਰੰਤੂ ਜੇ ਅਜਿਹੇ ਪਿਆਰੇ ਪ੍ਰਾਣੀ ਨੂੰ ਬੰਦਾ ਅੱਠੇ ਪਹਿਰ ਚੇਤੇ ਤਾਂ ਉਹ ਮਾਨਸਿਕ ਰੋਗੀ ਹੋਣੋਂ ਵੀ ਕਿਵੇਂ ਬਚ ਸਕਦਾ ਹੈ।

ਸੰਤ ਖਜ਼ਾਨ ਸਿੰਘ 'ਇਨਸਾਫ' ਅਤੇ ਬੀਬੀ ਮਹੰਤ ਜੀ ਦੀ ਰੀਝਾਂ ਪਾਲੀ ਪੁੱਤਰੀ, ਸੇਠ ਅਵਤਾਰ ਸਿੰਘ, ਸੇਠ ਜਸਪਾਲ ਸਿੰਘ, ਸੇਠ ਜਗਤਾਰ ਸਿੰਘ ਹੁਰਾਂ ਦੀ ਮਾਵਾਂ ਵਰਗੀ ਸਿਆਣੀ ਵੱਡੀ ਭੈਣ ਮਹਿੰਦਰ ਕੌਰ, ਸੇਠ ਤਰਲੋਕ ਸਿੰਘ ਨਾਲ ਵਿਆਹੀ ਜਾ ਕੇ ਮਹਾਨ ਸੰਤ ਫੂਲਾ ਸਿੰਘ, ਦਿਆਲ ਕੌਰ ਜੀ ਦੀ ਸੁਲੱਖਣੀ ਨੂੰਹ ਬਣ ਗਈ। ਅਤੇ ਇਹ ਜਿਵੇਂ ਸਾਖਸ਼ਾਤ ਲੱਛਮੀ ਸੀ, ਇਸ ਨੇ ਆਪਣੀ ਆਯੂ ਦੇ ਵਡੱਪਣ ਨਾਲ ਜਿਵੇਂ ਆਪਣੇ ਪੇਕੇ ਪਰਵਾਰ ਨੂੰ ਮਾਲਾ ਮਾਲ ਕੀਤਾ ਤਿਵੇਂ ਆਪਣੇ ਸਹੁਰੇ ਘਰ ਨੂੰ ਵੀ ਉਚੀਆਂ ਤੋਂ ਉਚੇਰੀਆਂ ਸ਼ੁਹਰਤਾਂ ਅਤੇ ਸਮਰਿਧੀ ਦੀਆਂ ਸਿਖਰਾਂ ਤਕ ਖੜਿਆ। ਅਤੇ ਆਪਣੀਆਂ ਦਰਾਣੀਆਂ ਜਿਠਾਣੀਆਂ ਅਤੇ ਨਣਾਨਾਂ ਨਾਲੋਂ ਇਕ ਛਾਲ ਅਗੇ ਗਈ ਕਿ ਰੰਡੇਪੇ ਦੇ ਅਨੁਭਵ ਦੇ ਲਾਗਿਓਂ ਨਹੀਂ ਲੰਘੀ। ਭਰੀ ਪੂਰੀ ਆਈ ਭਰੀ ਪੂਰੀ ਚਲੀ ਗਈ। ਪਰ ਇਹ ਕੈਸਾ ਚਮਤਕਾਰ ਕਿ ਆਪਣੇ ਜਾਣ ਦੇ ਨਾਲ ਹੀ ਆਪਣੇ ਪਰਵਾਰ ਨੂੰ ਅਜਿਹਾ ਵਿਗੋਚਾ ਦੇ ਗਈ ਕਿ ਉਸ ਧੱਕੇ ਨਾਲ ਮਸਾਂ ਹੀ ਪੈਰ ਧਰਤੀ ਨੂੰ ਲਗ ਸਕੇ ਹਨ।

ਸੇਠ ਤਰਲੋਕ ਸਿੰਘ ਹੁਰਾਂ ਨੂੰ ਅਗਲਾ ਜੀਵਨ ਸਫਰ ਨਾ ਸਿਰਫ ਇਕੱਲਿਆਂ ਕਰਨਾ ਪੈ ਰਿਹਾ ਹੈ ਸਗੋਂ ਪਦਾਰਥਕ ਕਠਨਾਈਆਂ ਨਾਲ ਦੋ ਚਾਰ ਹੋਣ ਲਈ ਵੀ ਉਹ ਇਕੱਲੇ ਹਨ। ਪਰ ਬੀਬੀ ਮਹਿੰਦਰ ਕੌਰ ਦੀ ਯਾਦ ਦੀ ਸ਼ਕਤੀ ਨੂੰ ਉਹਨਾਂ ਆਸ਼ਵਾਦ ਦਾ ਹਥਿਆਰ ਬਣਾ ਲਿਆ ਹੈ ਅਤੇ ਇੰਨੇ ਜ਼ੋਰ ਅਤੇ ਸਫਲਤਾ ਨਾਲ ਉਨ੍ਹਾਂ ਦੇ ਪੈਰਾਂ ਨਾਲ ਇੰਜ ਅਗੇ ਵਧ ਰਹੇ ਹਨ ਕਿ ਅਸੀਂ ਜਲਦੀ ਹੀ ਵੇਖਾਂਗੇ ਅੱਠ ਤਰਲੋਕ ਸਿੰਘ ਪੈਦਾ ਹੋ ਗਏ ਹਨ।

ਪਦਾਰਥ ਤਾਂ ਆਉਣਾ ਜਾਣਾ ਹੈ। ਵਡੇ ਵਡੇ ਮਾਇਆਧਾਰੀ ਹਨ ਦੁਨੀਆਂ ਤੇ, ਕੋਈ ਮੁਕਾਬਲਾ ਨਹੀਂ। ਪਰ ਇਕ ਸਰਮਾਇਆ ਸੇਠ ਚਾਵਲਾ ਪਰਵਾਰ ਵਿਚ ਵਾਧੂ ਹੈ ਅਤੇ ਉਹ ਹੈ ਆਪਣੇ ਸਤਿਗੁਰੂ ਦੇ ਚਰਨਾਂ ਵਿਚ ਅੱਡਿਗ ਆਸਥਾ। ਦੁਖ ਵਿਚ ਸਤਿਗੁਰੂ ਦੇ ਚਰਨਾਂ ਦੀ ਓਟ, ਸੁਖ ਵਿਚ ਵੀ ਉਹਨਾਂ ਚਰਨਾਂ ਦਾ ਸੁਖ। ਸਿੱਖੀ ਤੇ ਏਸੇ ਦਾ ਨਾਮ ਹੈ: ਨਾ ਦੁਖ ਵਿਚ ਵਿਸਰੀਂ ਨਾ ਸੁਖ ਵਿਚ ਭੁਲੀਂ। ਇਸ ਗਲ ਦਾ ਚਾਵਲਾ ਪਰਵਾਰ ਨੂੰ ਵੀ ਸੰਤੋਖ ਹੈ ਅਤੇ ਉਹਦੇ ਸੱਜਣਾਂ ਮਿਤਰਾਂ ਨੂੰ ਵੀ ਕਿ ਸ੍ਰੀ ਸਤਿਗੁਰੂ ਜੀ ਸਦਾ ਹੀ ਉਹਨਾਂ ਦੇ ਅੰਗ ਸੰਗ ਰਹਿੰਦੇ ਹਨ। ਅਤੇ ਸਤਿਗੁਰਾਂ ਦੇ ਚਰਨ ਕੰਵਲਾਂ ਦੀ ਪ੍ਰੀਤੀ ਵਾਲੇ ਜਾਣਦੇ ਹਨ ਕਿ:

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ
ਲਖਮੀ ਤੋਟਿ ਨ ਆਵਈ ਖਾਇ ਖਰਚ ਰਹੰਦਾ
ਲਖ ਚਉਰਾਸੀਹ ਮੇਦਨੀ ਸਭ ਸੇਵਿ ਕਰੰਦਾ
ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ...
ਸਭੇ ਕਾਜ ਸਵਾਰਿਆ ਜਾ ਤੁਧੁ ਭਾਵੰਦਾ। (੧੦੯੬)

ਮਹਿੰਦਰ ਕੌਰ ਜੀ ਕਿਉਂ ਏਨੇ ਥਾਈਂ ਸਮਾਏ ਹਨ? ਉਹ ਇਕ ਚੰਗੀ ਪਤਨੀ ਸਨ ਪੂਰੇ ਅਰਥਾਂ ਵਿਚ ਪਤੀ ਨੂੰ ਸਮਰਪਿਤ, ਉਹ ਵਧੀਆ ਮਾਂ ਸਨ, ਡਾਢੀ ਮਮਤਾ ਨਾਲ ਉਹਨਾਂ ਵਡੇ ਪਰਵਾਰ ਨੂੰ ਪਾਲਿਆ ਸੰਭਾਲਿਆ, ਉਹ ਸਰਪਤ ਸਾਧਵੀ ਸਨ, ਸ੍ਰੀ ਸਤਿਗੁਰੂ ਜੀ ਤੋਂ ਸਭ ਕੁਛ ਸਦਕੇ ਉਹਦੀ ਸੰਗਤ ਤੋਂ ਜ਼ਿੰਦਜਾਨ ਕੁਰਬਾਨ।

ਬੀਬੀ ਮਹਿੰਦਰ ਕੌਰ ਜੀ ਦੀਆਂ ਬਹੁਤੀਆਂ ਭੈਣਾਂ 'ਚੋਂ ਇਕ ਹਨ, ਬੀਬੀ ਬਲਬੀਰ ਕੌਰ ਜੀ ਸੁਪਤਨੀ ਸੇਠ ਹਰਮਹਿੰਦਰ ਸਿੰਘ, ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਦੀ ਨੂੰਹ, ਉਸਨੇ ਸਮਝ ਲਿਆ ਹੈ ਕਿ ਉਸ ਆਪਣੀ ਵੱਡੀ ਭੈਣ ਦੇ ਨਕਸ਼ੇ ਕਦਮ ਤੇ ਚਲ ਕੇ, ਸਾਧ ਸੰਗਤ, ਸਤਿਗੁਰੂ ਜੀ ਅਤੇ ਪਰਵਾਰ ਸੰਬੰਧਤ ਹੋਰ ਜ਼ਿਮੇਵਾਰੀਆਂ ਵਿਚ ਭੈਣ ਮਹਿੰਦਰ ਕੌਰ ਨੂੰ ਸਜੀਵ ਰਖਣਾ ਹੈ।

ਬੀਬੀ ਜੀ ਦੇ ਪੰਜਵੇਂ ਵਰੀਣੇ ਸਮੇ ਏਨੇ ਕੁ ਸਨੇਹ ਸੁਮਨ।

## ਨਾ ਤੇਰੀ ਯਾਦ ਸਤਾਵੇ

—ਸੇਠ ਤਰਲੋਕ ਸਿੰਘ ਚਾਵਲਾ

ਘਰੋਂ ਗਏ ਸਾਂ ਨਾਲ ਖੁਸ਼ੀ ਦੇ,
ਬੱਚਿਆਂ ਨੂੰ ਮਿਲਣ ਦੀ ਲੋੜ।
ਚਾਵਾਂ ਵਿਚ ਅਮਰੀਕਾ ਪੁਜੇ,
ਨਿਊਯਾਰਕ ਏਅਰ ਪੋਟ।
ਕੁਛ ਦਿਨ ਸੋਹਣ ਸਿੰਘ ਦੇ ਰਹਿ ਕੇ,
ਫਿਰ ਲੰਗਿਸਟਨ ਆਏ।
ਇੱਛਾ ਸਾਨੂੰ ਰਹਿਣ ਦੀ ਸੀ,
ਬਲਦੇਵ ਸਿੰਘ ਜੀ ਕੋਲ।
ਖੁਸ਼ੀਆਂ ਦੇ ਦਿਨ ਜਲਦੀ ਬੀਤੇ,
ਫਿਰ ਐਸਾ ਦਿਨ ਚੜ੍ਹਿਆ।
ਦਿਨ ਢਲਿਆ ਤੇ ਸ਼ਾਮਾਂ ਹੋਈਆਂ,
ਕੁਦਰਤ ਭਾਣਾ ਘੜਿਆ।
ਤੂੰ ਕਹਿਆ ਦਿਲ ਕਰਦੈ ਮੇਰਾ,

ਸੈਰ ਕਰਨ ਨੂੰ ਜਾਈਏ ।
ਗੱਡੀ ਵਿਚ ਬੈਠਾਕੇ ਬੱਚੇ,
ਬਾਹਰ ਅਸਾਨੂੰ ਖੜ੍ਹਿਆ ।
ਤੇਰੇ ਸੰਗ ਹੀ ਮੌਤ ਬੈਠ ਗਈ;
ਸਾਨੂੰ ਪਤਾ ਨਾ ਲਗਾ ।
ਵੇਲੇ ਨਾਲ ਪਿਛਾਂਹ ਲੈ ਆਈ,
ਵੇਖ ਨਾ ਪਿਛਾ ਅੱਗਾ ।
ਅਸੀਂ ਤਾਂ ਰੁਝ ਗਏ ਟੈਲੀਫੋਨੀਂ,
ਮੌਤ ਨੇ ਕੀਤਾ ਕਾਰਾ ।
ਤੇਰੀ ਰੂਹ ਉਡਾ ਕੇ ਲੈ ਗਈ,
ਰੰਗ ਹੋ ਗਿਆ ਬੱਗਾ ।
ਜੇ ਏਦਾਂ ਹੀ ਤੁਰ ਜਾਣਾਂ ਸੀ,
ਜਾਂਦੇ ਕਿਉਂ ਅਮਰੀਕਾ ।
ਸਤਿਗੁਰ ਕੋਲੋਂ ਹੀ ਵਰ ਪਾ ਕੇ,
ਤੂੰ ਬਣ ਗਈਉਂ ਸੀਤਾ ।
ਮੈਂ ਸਤਿਗੁਰ ਦਾ ਅਦਨਾ ਸੇਵਕ,
ਕੌਣ ਮੈਨੂੰ ਬਖਸ਼ਾਵੇ ।
ਤੂੰ ਹੁੰਦੀ ਬਖਸ਼ਾਉਂਦੀ ਮੈਨੂੰ,
ਮਾੜਾ ਕਰਮ ਜੁ ਕੀਤਾ ।
ਕੌਣ ਜਾਣੇ ਕਿ ਸੈਰ ਅਖੀਰੀ,
ਮੁੜ ਇਹ ਦਿਨ ਨਹੀਂ ਆਉਣਾ ।
ਅੱਜ ਤੋਂ ਬਾਅਦ ਸੈਰ ਮੁਕ ਜਾਣੀ,
ਪੈਰ ਨਾ ਏਥੇ ਪਾਉਣਾ ।
ਹਸਦੇ-ਖੇਡਦੇ ਘਰ ਨੂੰ ਆਏ,
ਚੀਜ਼ਾਂ ਵਸਤਾਂ ਲੈ ਕੇ ।
ਹਸਦੇ ਹਸਦੇ ਤੂੰ ਤੁਰ ਗਈਉਂ,
ਸਾਨੂੰ ਪੈ ਗਿਆ ਰੋਣਾ ।
ਤੂੰ ਤਾਂ ਸਹਿਜ ਸੁਭਾਉਕੀ ਤੁਰ ਗਈ,
ਸੁਣ, ਪਿਛੋਂ ਕੀ ਹੋਇਆ ।
ਸਭ ਕੁਝ ਤੇਰੇ ਮਗਰ ਤੁਰ ਗਿਆ,
ਇਕ ਇਕ ਕਰ ਸਭ ਖੋਇਆ ।
ਲੋਕੀਂ ਕਹਿਣ ਨਾਲ ਹੈ ਲੈ ਗਈ,
ਲਛਮੀ ਆਪਣੀਆਂ ਖੇਡਾਂ ।
ਪਿਛਲੇ ਕਰਮ ਅਸਾਡੇ ਅਗੇ,
ਹੰਝੂਆਂ ਹਾਰ ਪਰੋਇਆ ।
ਜਿਸ ਕੋਠੀ ਵਿਚ ਰੌਣਕ, ਹਾਸੇ,
ਉਸ ਥਾਂ ਭਾਂ-ਭਾਂ ਹੋਈ ।
ਜਿਥੇ ਸਤਿਗੁਰ ਰਹਿਣ ਹਮੇਸ਼ਾਂ,
ਕੋਰੀ ਭੁਬੀਂ ਰੋਈ ।
ਬੀਬੀ ਜੀ ਸਨ ਕਰਮਾਂ ਵਾਲੇ,
ਹਰ ਕੋਈ ਏਹੋ ਆਖੇ ।

ਤੈਨੂੰ ਸਭੋ ਚੰਗਾ ਆਖਣ,
ਮੰਦਾ ਕਹੇ ਨਾ ਕੋਈ ।
ਦੁਸ਼ਮਨ ਜੋ ਨਹੀਂ ਕਰ ਸਕਦੇ,
ਸਜਨਾਂ ਉਹ ਕੁਝ ਕੀਤਾ ।
ਉਤੌਵਾਲੀ ਦਰਦ ਵਖਾਵਣ,
ਵੇਖ, ਲਹੂ ਘੁਟ ਪੀਤਾ ।
ਮੇਰੀ ਤਾਕਤ ਜਾਂ ਸਭ ਮੁੱਕੀ,
ਸਤਿਗੁਰ ਹੋਏ ਦਿਆਲੂ ।
ਮਿਹਰਾਂ ਭਰਿਆ ਹਸਤ ਕਵਲ ਤਦ,
ਮੇਰੇ ਸਿਰ ਧਰ ਦਿਤਾ ।
ਕਰ ਉਹ ਯਾਦ ਕਿ ਅਚਜ਼ ਕਰੀ ਸੀ,
ਵਡ ਪਰਤਾਪੀ ਅਗੇ ।
ਫਿਰ ਕਦ ਚਰਨ ਪਾਉਗੇ ਸਤਿਗੁਰ ?
ਹਸਕੇ ਆਖਣ ਲਗੇ ।
'ਚਰਨ ਮੇਰੇ ਏਥੇ ਨੇ ਖੁਭੇ'
ਸੁਣ ਕੇ ਖੁਸ਼ੀਆਂ ਹੋਈਆਂ ।
ਗੁਰੂ ਜਗਜੀਤ ਦੇ ਚਰਨ ਉਹੋ ਨੇ,
ਜਿਨ ਸਭ ਪੜਦੇ ਢੱਕੇ ।
ਜੈਸਾ ਘਰ ਬੈਂਕੋਕ ਸੈਂ ਚਾਹੁੰਦੀ,
ਵੈਸਾ ਸਤਿਗੁਰ ਦਿੱਤਾ ।
ਸਜੇ ਮੇਰੇ ਬਖਸ਼ੀਸ਼ ਹੁਰੀਂ ਨੇ,
ਧਰਮ ਖਬੇ ਘਰ ਲਿਤਾ ।
ਤੂੰ ਹੁੰਦੀ ਤਾਂ ਸਤਿਗੁਰ ਜੀ ਦਾ,
ਡੇਰੇ ਏਥੇ ਹੁੰਦਾ ।
ਕੌਣ ਕਹੇ ਜੱਗ ਵਾਲੀ ਜੀ ਨੂੰ,
ਇਹ ਡੇਰੇ ਦਾ ਖ਼ਿਤਾ ।
ਘਰ ਵਧੀਆ ਦਲਜੀਤ-ਬਾਵੇ ਦਾ,
ਰਿਸ਼ਤੇਦਾਰ ਵੀ ਨੇੜੇ ।
ਸਤਿਗੁਰ ਸਦਾ ਦੈਆਲ ਉਹਨਾਂ ਤੇ,
ਸਾਰ ਲੈਣ ਹਰ ਵੇਲੇ ।
ਸੋਹਣ ਤੇ ਬਲਦੇਵ, ਭੁਪਿੰਦਰ,
ਸ਼ੇਰ ਰਹਿਣ ਅਮਰੀਕਾ ।
ਲਾਲ ਜੀ ਅਜੇ ਦਿੱਲੀ ਨੇ,
ਮਾਰਨ ਥਾਈਲੈਂਡ ਦੇ ਗੇੜੇ ।
ਸਾਰਾ ਵੈਭਵ ਮੁੜ ਆਵੇਗਾ,
ਤੇਰਾ ਗ਼ਮ ਵਢ ਖਾਵੇ ।
ਹੋਵੇਗਾ ਕਿਰਪਾਲੂ ਸਤਿਗੁਰੂ,
ਜੁ ਤੈਨੂੰ ਮੋੜ ਲਿਆਵੇ ।
ਮੇਰੇ ਮਨ ਦੀ ਇਕੋ ਕਲਪਣਾ,
ਪਰ ਤੁਰ ਗਏ ਕਦੇ ਨਾ ਆਉਂਦੇ ।
ਕਰ ਅਰਦਾਸ ਸਤਿਗੁਰੂ ਅਗੇ,
ਨਾ ਤੇਰੀ ਯਾਦ ਸਤਾਵੇ ।


Sri Satguru Jagjit Singh Ji eLibrary NamdhariElibrary@gmail.com

# ਦੇਸ਼ ਦੀ ਆਜ਼ਾਦੀ ਦਾ ਸੰਘਰਸ਼

**—ਮਾਸਟਰ ਨਿਹਾਲ ਸਿੰਘ**

ਭਾਰਤ ਦੀ ਆਜ਼ਾਦੀ ਬੀਰਤਾ, ਤੇ ਬਲੀਦਾਨ ਦੀ ਇਕ ਲੰਮੀ ਕਹਾਣੀ ਹੈ। ਇਸ ਸਵਤੰਤਰਤਾ ਦੇ ਮਹਿਲ ਦੀਆਂ ਨੀਹਾਂ ਹੇਠ ਵੀਰਾਂ ਤੇ ਵੀਰਾਂਗਣਾਂ ਦੀ ਚਰਬੀ ਭਰੀ ਪਈ ਏ।

ਕਿੱਡਾ ਹਨੇਰ! ਜਿਸ ਰੇਲ ਦੇ ਡੱਬੇ ਵਿਚ ਅੰਗਰੇਜ਼ ਸਫਰ ਕਰੇ ਉਸ ਵਿਚ ਹਿੰਦੁਸਤਾਨੀ ਬੈਠ ਨਹੀਂ ਸਕਦਾ ਸੀ। ਤੇ ਜਿਸ ਹੋਟਲ ਵਿਚ ਉਹ ਠਹਿਰੇ, ਉਸ ਵਿਚ ਕਾਲਾ ਆਦਮੀ ਪੈਰ ਵੀ ਨਹੀਂ ਪਾ ਸਕਦਾ ਸੀ।

ਅੰਗਰੇਜ਼ੀ ਰਾਜ ਨਿਰੀ ਲੁਟ ਘਸੁਟ ਤੇ ਭਾਰਤੀਆਂ ਵਾਸਤੇ ਬੇ-ਗੈਰਤੀ ਦਾ ਜੀਵਨ।

ਗੁਲਾਮੀ ਦੀਆਂ ਇਹਨਾਂ ਜ਼ੰਜੀਰਾਂ ਨੂੰ ਤੋੜਨ ਹਿਤ, ਪੰਜਾਬ ਦੀ ਸਰਜ਼ਮੀਨ ਦੇ ਰਾਈਆਂ ਪਿੰਡ ਦੇ ਅਵਤਾਰੀ ਸਤਿਗੁਰੂ ਰਾਮ ਸਿੰਘ ਜੀ ਸਭ ਤੋਂ ਪਹਿਲਾਂ ੧੮੫੭ ਈ: ਨੂੰ ਵਿਸਾਖੀ ਵਾਲੇ ਦਿਨ ਆਜ਼ਾਦੀ ਦਾ ਬਿਗਲ ਵਜਾਇਆ। ਦੇਸ਼ ਨੂੰ ਆਜ਼ਾਦ ਕਰਵਾਉਣ ਹਿਤ, ਨਵਾਂ ਤੇ ਨਿਰਾਲਾ ਸ਼ਸਤਰ ਬਾਈਕਾਟ ਦਾ ਦਿਤਾ। ਭਾਵ ਅੰਗਰੇਜ਼ੀ ਰਾਜ ਨਾਲ ਪੂਰਨ ਨਾ-ਮਿਲਵਰਤਨ। ਪਰ ੧੦ ਮਈ ਵਾਲੇ ਦਿਨ ਮੇਰਠ ਛਾਉਣੀ ਵਿਚ ਅੰਗਰੇਜ਼ ਵਿਰੁਧ ਗੋਲੀ ਚਲ ਗਈ। ਭਾਰਤੀ ਫੌਜਾਂ ਬਾਗੀ ਹੋ ਗਈਆਂ। ਇਸ ਦੇ ਨੇਤਾ ਬਹਾਦਰ ਸ਼ਾਹ ਜ਼ਫਰ, ਮਹਾਰਾਣੀ ਝਾਂਸੀ, ਨਾਨਾ ਸਾਹਿਬ ਤੇ ਤਾਂਤਿਯਾ ਟੋਪੇ ਵਰਗੇ ਸਿਰਲਥ ਸੂਰਮੇ ਸਨ। ਬਦਕਿਸਮਤੀ ਇਹ ਇਹਨਾਂ ਵਿਚ ਤਾਲਮੇਲ ਘਟ ਸੀ ਤੇ ਅੰਗਰੇਜ਼ੀ ਫੌਜ ਵਧੇਰੇ ਸ਼ਿਖਸ਼ਤ। ਜਿਸ ਕਾਰਨ ਇਹ ਵਿਦਰੋਹ ਸਫਲ ਨਾ ਹੋਇਆ। ਹਜ਼ਾਰਾਂ ਦੇਸ਼ ਭਗਤਾਂ ਨੂੰ ਚਿਟੇ ਦਿਨ ਫਾਂਸੀ ਤੇ ਲਟਕਾਇਆ। ਧਰਤੀ ਲਹੂ ਨਾਲ ਰੰਗੀ ਗਈ। ਹੁਣ ਦੇਸ਼ ਕੰਪਨੀ ਹੇਠੋਂ ਨਿਕਲ ਮਲਕਾ ਵਿਕਟੋਰੀਆ ਦੇ ਰਾਜ ਹੇਠ ਚਲਾ ਗਿਆ।

ਗੋਰੇ ਦੀ ਹੈਂਕੜ ਵਧੀ। ਉਸ ਦੇ ਮੂੰਹ ਨੂੰ ਲਹੂ ਲਗ ਚੁਕਾ ਸੀ। ਜੇ ਵਹਾਬੀਆਂ ਸਿਰ ਚੁਕਿਆ ਤਾਂ ੧੮੭੦ ਵਿਚ ਉਹਨਾਂ ਨੂੰ ਤੋਪਾਂ ਨਾਲ ਭੁੰਨ ਸੁਟਿਆ। ਜੇ ਪੰਜਾਬ ਦੇ ਕੂਕਿਆਂ ਰਾਮ ਰਾਜ ਦਾ ਰਾਗ ਅਲਾਪਿਆ। ਤਾਂ ਇਹਨਾਂ ਨੂੰ ੧੮੭੧ ਵਿਚ ੯ ਸਿੰਘਾਂ ਨੂੰ ਫਾਂਸੀਆਂ ਤੇ ਲਟਕਾਇਆ ਤੇ ੧੮੭੨ ਵਿਚ ੬੫ ਕੂਕਿਆਂ ਨੂੰ ਬਿਨਾਂ ਮੁਕਦਮਾ ਚਲਾਏ ਤੋਪਾਂ ਨਾਲ ਤੁੰਬਾਂ ਤੁੰਬਾ ਕਰ ਉਡਾਇਆ। ਸਤਿਗੁਰੂ ਜੀ ਨੂੰ ਜਲਾਵਤਨ ਕਰ ਕੂਕਿਆਂ ਦੇ ਕਹਿਰ ਦੇ ਪਹਾੜ ਤੋੜੇ। ਇਨ੍ਹਾਂ ਨੂੰ ਗੈਰ-ਕਾਨੂੰਨੀ ਜਮਾਤ ਕਰਾਰ ਦਿਤਾ ਗਿਆ।

ਉਧਰ ਬੰਗਾਲ ਵਿਚ ਸੁਰਿੰਦਰ ਨਾਥ ਬੈਨਰਜੀ ਆਜ਼ਾਦੀ ਦਾ ਪ੍ਰਵਾਨਾ ਉਭਰਿਆ। ਉਸ ਨੇ ਤਕਰੀਰ ਤੇ ਤਹਿਰੀਰ ਰਾਹੀਂ ਬੰਗਾਲੀਆਂ ਨੂੰ ਹਲੂਣਿਆਂ। ਪਰ ਦੇਸ਼ ਦੇ ਨਰਮ ਖਿਆਲੀਏ ਅਗੇ ਆਏ ਤੇ All India National congress ਦੀ ਦਸੰਬਰ ੧੮੮੫ ਵਿਚ ਨੀਂਹ ਰਖੀ। ਮਿਸਟਰ ਹਿਊਮ ਸਰਕਾਰੀ ਰਿਟਾਇਰਡ ਕਰਮਚਾਰੀ, ਦਾਦਾ ਬਾਈ ਨੋਰੋਜੀ ਤੇ ਸ੍ਰੀ ਬਦਰਦੀਨ ਆਦਿ ਇਸ ਦੇ ਚਾਲਕ ਸਨ। ਸਰਕਾਰ ਪਾਸੋਂ ਮੰਗਾਂ ਹਿਤ ਮਤੇ ਪਾਸ ਕਰਦੇ। ਸਾਲ ਪਿਛੋਂ ਇਕੱਠੇ ਹੁੰਦੇ ਤੇ ਮਤੇ ਪਾਸ ਕਰਦੇ। ਪਰ ਕੂਕੇ ਗੁਰੂ ਹਰੀ ਸਿੰਘ ਦਾ ਹੁਕਮ ਪਾ ਕੇ ਰੂਸ ਜਾ ਕੇ ਦੇਸ਼ ਨੂੰ ਆਜ਼ਾਦ ਕਰਾਉਣ ਖਾਤਰ ਤਾਲਮੇਲ ਕਰਦੇ। ਬਾਬਾ ਗੁਰਚਰਨ ਸਿੰਘ ਇਸ ਕੰਮ ਵਾਸਤੇ ਬੁਢਾ ਜਰਨੈਲ ਸੀ ਜਿਹੜਾ ਜੰਗਲਾਂ ਬੇਲਿਆਂ ਤੇ ਪਰਬਤਾਂ ਨੂੰ ਚੀਰਦਾ ਟੁਰਿਆ ਰਹਿੰਦਾ।

ਸਰਕਾਰ ਮਸਤ ਹਾਥੀ ਦੀ ਚਾਲ ਚਲਦੀ ਗਈ। ੧੮੯੬ ਤੋਂ ੧੯੦੦ ਤੱਕ ਕਾਲ ਰਹਿਆ। ਲੱਖਾਂ ਲੋਕ ਮੌਤ ਦੇ ਮੂੰਹ ਚਲੇ ਗਏ, ਹਕੂਮਤ ਦੇ ਕੰਨ ਤੇ ਜੂੰ ਨਾ ਸਰਕੀ। ਸਗੋਂ ਦੇਸ਼ ਵਿਚ ਫਿਰਕੂ ਧੜੇਬੰਦੀਆਂ ਖੜੀਆਂ ਕਰਨ ਹਿਤ ਲਾਰਡ ਕਰਜ਼ਨ ਨੇ ੧੯੦੫ ਵਿਚ ਬੰਗਾਲ ਦੀ ਵੰਡ ਕਰ ਦਿਤੀ। ਮੁਸਲਿਮ ਬੰਗਾਲ ਤੇ ਹਿੰਦੂ ਬੰਗਾਲ। ਮੁਸਲਿਮ ਲੀਗ ਇਸ ਦੀ ਪਰੋੜਤਾ ਕੀਤੀ। ਵੀਰ ਚੰਦਰਪਾਲ ਅਗੇ ਵਧਿਆ ਉਸ ਨੇ ਹਕੂਮਤ ਵਿਰੁਧ ਭਾਂਬੜ ਮਚਾ ਦਿਤਾ। ਬਦੇਸ਼ੀ ਮਾਲ ਦੇ ਬਾਈਕਾਟ ਜ਼ੋਰ ਫੜਿਆ। ਪੰਜਾਬ ਵਿਚ ਦੇਸ਼ ਭਗਤ ਸਰਗਰਮ ਹੋਏ। "ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ" ਦੇ ਗੀਤ ਨੇ ਹਕੂਮਤ ਦੀ ਨੀਂਦ ਹਰਾਮ ਕਰ ਦਿਤੀ। ਸ: ਅਜੀਤ ਸਿੰਘ, ਲਾਲਾ ਲਾਜਪਤ ਰਾਏ ਆਦਿ ਖਿੰਡ ਪਿੰਡ ਜਲਸੇ ਕਰਕੇ ਲੋਕਾਂ ਨੂੰ ਹਲੂਣਿਆਂ। ਇਹਨਾਂ ਕੌਮੀ ਪ੍ਰਵਾਨਿਆਂ ਨੂੰ ਦੇਸ਼ ਨਿਕਾਲਾ ਦੇ ਦਿਤਾ। ਹਕੂਮਤ ਸਖਤੀ ਤੇ ਉਤਰ ਆਈ, ਇਥੋਂ ਤਕ ਕਿ ਬੰਦੇ ਮਾਤਰਮ ਪੜ੍ਹਨਾ ਵੀ ਜੁਰਮ ਕਰਾਰ ਦਿਤਾ ਗਿਆ। ੯੧੧ ਵਿਚ ਜਾਰਜ ਪੰਜਵੇਂ ਦੀ ਤਾਜਪੋਸ਼ੀ ਦਾ ਦਰਬਾਰ ਹੋਇਆ ਤਾਂ ਬੰਗਾਲ ਦੀ ਵੰਡ ਮਨਸੂਖ ਹੋਈ।

੧੯੧੪ ਵਿਚ ਸੰਸਾਰ ਦਾ ਪਹਿਲਾ ਯੁਧ ਸ਼ੁਰੂ ਹੋਇਆ। ਮਹਾਤਮਾ ਗਾਂਧੀ ਤੇ ਮੁਹੰਮਦ ਅਲੀ ਫੌਜਾਂ ਵਿਚ ਭਰਤੀ ਕਰਾਉਣ ਹਿਤ ਲੰਗਰ ਲੰਗੋਟੇ ਕਸ ਲਏ। ਗੁਰਦੁਆਰਿਆਂ ਤੇ ਮਸੀਤਾਂ ਵਿਚ ਅੰਗਰੇਜ਼ ਦੀ ਫਤਿਹ ਵਾਸਤੇ ਅਰਦਾਸੇ ਤੇ ਦੁਆਵਾਂ ਸ਼ੁਰੂ ਮੰਗੀਆਂ ਜਾਣ ਲਗੀਆਂ, ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਕੂਕਿਆਂ ਨੂੰ ਫੌਜ ਵਿਚ ਭਰਤੀ ਹੋਣੋਂ ਰੋਕ ਦਿਤਾ। ਬਦੇਸ਼ਾਂ ਵਿਚ ਬੈਠੇ ਸ: ਅਜੀਤ ਸਿੰਘ, ਲਾਲਾ ਹਰਦਿਆਲ ਰਾਏ, ਸ: ਸੋਹਨ ਸਿੰਘ ਭਕਨਾ, ਅਮਰੀਕਾ ਵਿਚ ਗਦਰ ਪਾਰਟੀ ਖੜੀ ਕੀਤੀ। ਇਹ ਲਹਿਰ


Sri Satguru Jagjit Singh Ji eLibrary NamdhariElibrary@gmail.com

ਸ਼ਸਤਰਾਂ ਨਾਲ ਦੇਸ਼ ਨੂੰ ਆਜ਼ਾਦ ਕਰਵਾਉਣਾ ਚਾਹੁੰਦੀ ਸੀ, ਬਾਬਾ ਗੁਰਦਿਤ ਸਿੰਘ ਕਾਮਾ ਗਾਟਾ ਜਹਾਜ਼ ਲੈ ਭਾਰਤ ਆ ਰਿਹਾ ਸੀ। ਗੋਰੀ ਸਰਕਾਰ ਵਲੋਂ ਉਹਨਾਂ ਦਾ ਗੋਲੀ ਨਾਲ ਸੁਆਗਤ ਕੀਤਾ ਗਿਆ। ਖਾੜੀ ਦਾ ਪਾਣੀ ਕੌਮੀ ਪ੍ਰਵਾਨਿਆਂ ਦੇ ਲਹੂ ਨਾਲ ਰੰਗਿਆ ਗਿਆ। ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇ ਤਖਤੇ ਤੇ ਲਟਕਾਇਆ ਗਿਆ।

੧੯੧੫ ਵਿਚ ਸ੍ਰੀਮਤੀ ਐਨੀ ਬਸੰਤ ਤੇ ਬਾਲ ਗੰਗਾਧਰ ਤਿਲਕ ਨੇ ਹੋਮ ਰੂਲ ਦੀ ਬੁਨਿਆਦ ਰੱਖੀ। ਸਵ-ਰਾਜ ਸਾਡਾ ਜਮਾਂਦਰੂ ਹੱਕ ਹੈ ਦਾ ਨਾਅਰਾ ਗੂੰਜਿਆ। ਤਿਲਕ ਮਹਾਰਾਜ ਜੀ ਕੇਸਰੀ ਅਖਬਾਰ ਰਾਹੀਂ ਦੇਸ਼ ਨੂੰ ਲਾਮ-ਬੰਦ ਕਰਨਾ ਚਾਹਿਆ। ਇਹ ਕਾਂਗਰਸ ਦੀ ਢਿਲਮਲ ਪਾਲਸੀ ਨੂੰ ਪਸੰਦ ਨਹੀਂ ਕਰਦੇ ਸਨ। ਲਾਲ, ਪਾਲ ਤੇ ਬਾਲ ਸਿਤਾਰੇ ਬਣ ਕੇ ਚਮਕੇ। ਇਹ ਕਾਂਗਰਸ ਦੇ ਸਾਲਾਨਾ ਜਲਸਿਆਂ ਨੂੰ "ਪੜ੍ਹਿਆਂ ਲਿਖਿਆਂ ਦੀ ਪਿਕਨਿਕ" ਆਖਿਆ ਕਰਦੇ ਸਨ। ੧੯੧੬ ਵਿਚ ਕਾਂਗਰਸ ਤੇ ਲੀਗ ਨੇ ਹੱਥ ਮਿਲਾਏ। ੧੯੧੮ ਈ: ਜੰਗ ਮੁੱਕੀ। ਆਜ਼ਾਦੀ ਸੰਗਰਾਮ ਨੇ ਜ਼ੋਰ ਫੜਿਆ। ਹਕੂਮਤ ਨੇ ਚੈਮਸਫੋਰਡ ਰੀਫਾਰਮ ਸਕੀਮ ਰਾਹੀਂ ਗੋਂਗਲੂਆਂ ਤੋਂ ਮਿੱਟੀ ਝਾੜਨੀ ਚਾਹੀ। ਇਹ ਇਕ ਪਰਕਾਰ ਦਾ ਭਾਰਤੀਆਂ ਵਾਸਤੇ ਰੋਟੀ ਦਾ ਟੁਕੜਾ ਸੀ, ਉਹ ਵੀ ਸਰਕਾਰ ਭਗਤਾਂ ਆਪੋ ਵਿਚ ਵੰਡ ਲਿਆ ਤੇ ਜੁਝਾਰੂ ਜੂਝਦੇ ਰਹਿ ਗਏ। ਜਦ ਆਜ਼ਾਦੀ ਵਾਸਤੇ ਸਰਗਰਮੀ ਵਧਦੀ ਵੇਖੀ ਤਾਂ ਹਕੂਮਤ ਵਲੋਂ ਰੌਲਟ ਐਕਟ, ਕਾਲਾ ਕਾਨੂੰਨ ਸਾਹਮਣੇ ਆਇਆ। ਲੋਕਾਂ ਵਿਚ ਰੋਸ ਵਧਿਆ। ਹੜਤਾਲਾਂ ਹੋਈਆਂ, ਅੱਗਾਂ ਲਗੀਆਂ। ਪੰਜਾਬ ਵਿਚ ਸੈਫੁਲਦੀਨ ਕਿਚਲੂ ਤੇ ਡਾਕਟਰ ਸੱਤਪਾਲ ਨੂੰ ਅੰਦਰ ਡੱਕ ਦਿਤਾ।

ਵਿਸਾਖੀ ਵਾਲਾ ਦਿਨ ਰੋਸ ਵਜੋਂ ਮਨਾਣ ਦਾ ਐਲਾਨ ਕੀਤਾ ਗਿਆ। ਅੰਗਰੇਜ਼ ਦੇ ਸਿਰ ਹਕੂਮਤ ਦਾ ਭੂਤ ਸਵਾਰ ਸੀ। ਉਹ ਭਾਰਤੀਆਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ। ੧੯੧੯ ਵਿਸਾਖੀ ਵਾਲੇ ਦਿਨ ਲੋਕ ਢੋਲੇ ਗਾਉਂਦੇ ਜਲਿਆਂ ਵਾਲੇ ਬਾਗ ਪਹੁੰਚੇ। ਵੇਖਦਿਆਂ ਵੇਖਦਿਆਂ ਜਲਸੇ ਵਾਲੀ ਥਾਂ ਤਿਲ ਧਰਨ ਨੂੰ ਵਿਹਲ ਨਾ ਰਹੀ। ਹੈਂਕੜ ਖਾਂ ਡਾਇਰ ਫੌਜ ਲੈ ਜਲਸੇ ਵਾਲੀ ਥਾਂ ਨੂੰ ਘੇਰ ਲਿਆ ਤੇ ਗੋਲੀ ਦਾ ਹੁਕਮ ਦੇ ਦਿਤਾ। ਬਸ ਵੇਖਦਿਆਂ ਵੇਖਦਿਆਂ ਲਾਸ਼ਾਂ ਦੇ ਢੇਰ ਲਗ ਗਏ। ਉਸ ਸਮੇਂ ੧ ਹਜ਼ਾਰ ਰਾਊਂਡ ਗੋਲੀਆਂ ਚਲੀਆਂ। ੨ ਹਜ਼ਾਰ ਤੋਂ ਵਧ ਜ਼ਖਮੀ ਲਹੂ ਵਿਚ ਤਰਨ ਲਗੇ। ਦੇਸ਼ ਵਿਚ ਸੋਗ ਵਰਤ ਗਿਆ। ਰਾਬਿੰਦਰ ਨਾਥ ਟੈਗੋਰ ਰੋਸ ਵਲੋਂ ਸਰ ਦਾ ਖਿਤਾਬ ਸਰਕਾਰ ਨੂੰ ਮੋੜ ਦਿਤਾ। ਹੁਣ ਸੰਘਰਸ਼ ਦਾ ਨਵਾਂ ਯੁਗ ਸ਼ੁਰੂ ਹੋਇਆ। ਵਾਗਡੋਰ ਮਹਾਤਮਾ ਗਾਂਧੀ ਜੀ ਹੱਥ ਆਈ। ਨਾ-ਮਿਲਵਰਤਣ ਅੰਦੋਲਨ ਸ਼ੁਰੂ ਹੋਇਆ। ਖਿਲਾਫਤ ਦੇ ਬਾਨੀ ਅਲੀ ਬਰਦਰਜ਼, ਮੁਹੰਮਦ ਅਲੀ, ਸ਼ੋਕਤ ਅਲੀ, ਅਬੁਅਲ ਕਲਾਮ ਆਜ਼ਾਦ ਵਰਗੇ ਨੇਤਾਵਾਂ ਨੇ ਮਹਾਤਮਾ ਜੀ ਨਾਲ ਮੋਢੇ ਨਾਲ ਮੋਢਾ ਆ ਜੋੜਿਆ। ਸਾਰੇ ਦੇਸ਼ ਹੁੰਗਾਰਾ ਭਰਿਆ। ਡਾ: ਰਾਜਿੰਦਰ ਪ੍ਰਸਾਦ, ਪੰਡਤ ਮੋਤੀ ਲਾਲ ਨਹਿਰੂ ਵਰਗਿਆਂ ਲੀਗਲ ਪ੍ਰੈਕਟਸ ਛੱਡ ਦਿਤੀ। ਸਕੂਲਾਂ, ਕਾਲਜਾਂ ਵਿਚ ਵਿਦਿਆਰਥੀ ਬਾਹਰ ਆ ਗਏ। ਵਿਦੇਸ਼ੀ ਕਪੜੇ ਦੀ ਹੋਲੀ ਮਚਾਈ ਗਈ। ਕਪੜਾ ਤੇ ਸ਼ਰਾਬ ਦੀਆਂ ਦੁਕਾਨਾਂ ਦਾ ਬਾਈਕਾਟ ਕੀਤਾ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਮੁਠੱਡਿਆਂ ਦੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ ਤੇ ਮੰਨੇ ਪ੍ਰਮੰਨੇ ਲੀਡਰਾਂ ਧੂੰਆਂਧਾਰ ਤਕਰੀਰਾਂ ਕੀਤੀਆਂ। ਇਸ ਸਮੇਂ ਕਿਸਾਨ, ਕਮਿਊਨਿਸਟ ਤੇ ਅਹਿਰਾਰ ਵੀ ਪਿਛੇ ਨਾ ਰਹੇ। ਬੱਬਰ ਅਕਾਲੀਆਂ ਨੇ ਮੁਖਬਰਾਂ ਤੇ ਦੇਸ਼ ਧਰੋਹੀਆਂ ਨੂੰ ਸੋਧਿਆ। ਅਹਿਰਾਰ ਭਰਾਵਾਂ ਤਲਵਾਂ ਹੱਲਾ ਮਾਰਿਆ। ਸੈਂਕੜੇ ਮਰਦ, ਜਨਾਨੇ ਤੇ ਬੱਚੇ ਗੋਲੀ ਦਾ ਸ਼ਿਕਾਰ ਹੋਏ ਤੇ ੬੦, ੭੦ ਹਜ਼ਾਰ ਲੋਕਾਂ ਜੇਲ ਯਾਤਰਾ ਕੀਤੀ।

ਸੰਨ ੧੯੨੮ ਵਿਚ ਸਾਈਮਨ ਕਮਿਸ਼ਨ ਆਇਆ। ਦੇਸ਼ ਨੇ ਕਾਲੇ ਝੰਡਿਆਂ ਨਾਲ ਸੁਆਗਤ ਕੀਤਾ। ਹਕੂਮਤ ਤਸ਼ੱਦਦ ਤੇ ਉਤਰ ਆਈ। ਪੰਡਤ ਜਵਾਹਰ ਲਾਲ ਨਹਿਰੂ, ਪੰਡਤ ਵੱਲਭ ਪੰਤ ਤੇ ਲਾਲਾ ਲਾਜਪੱਤ ਰਾਏ ਵਰਗੇ ਵੀ ਨਾ ਬਚ ਸਕੇ। ਲਾਲਾ ਲਾਜਪਤ ਰਾਏ ਤਾਂ ਲਾਠੀਆਂ ਦੀ ਤਾਬ ਨਾ ਝਲ ਸਕੇ। ਉਹ ੧੭ ਨਵੰਬਰ ੧੯੨੮ ਵਾਲੇ ਦਿਨ ਅੰਗਰੇਜ਼ ਰਾਜ ਦੇ ਤਾਬੂਤ ਵਿਚ ਆਖਰੀ ਕਿਲ ਠੋਕ ਸ਼ਹਾਦਤ ਦਾ ਜਾਮ ਪੀ ਗਏ। ਲਾਲਾ ਜੀ ਦੀ ਮੌਤ ਕਾਰਨ ਗਭਰੂਆਂ ਦਾ ਲਹੂ ਖੌਲ ਉਠਿਆ। ਸ੍ਰ: ਭਗਤ ਸਿੰਘ ਤੇ ਉਸ ਦੇ ਸਾਥੀਆਂ ਸਾਂਡਰਸ ਨੂੰ ਗੋਲੀਆਂ ਨਾਲ ਭੁੰਨ ਛਾਤੀ ਠੰਡੀ ਕੀਤੀ। ਦੇਸ਼ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗੂੰਜ ਉਠਿਆ। ਭਗਤ ਸਿੰਘ, ਬੀ. ਕੇ. ਦੱਤ ਤੇ ਰਾਜਗੁਰੂ ੨੩ ਮਾਰਚ ੧੯੩੧ ਵਾਲੇ ਦਿਨ ਮੇਰਾ ਰੰਗ ਦੇ ਬਸੰਤੀ ਚੋਲਾ ਗਾਉਂਦਿਆਂ ਸ਼ਹਾਦਤ ਦੀ ਲਾੜੀ ਨੂੰ ਵਰਿਆ।

ਦਸੰਬਰ ੧੯੨੯ ਵਿਚ ਲਾਹੌਰ, ਰਾਵੀ ਦੇ ਕਿਨਾਰੇ ਆਲ ਇੰਡੀਆ ਕਾਂਗਰਸ ਦਾ ਸਾਲਾਨਾ ਜਲਸਾ ਹੋਇਆ। ਇਸ ਦਾ ਮੁਸਲਿਮ ਲੀਗੀਆਂ ਤੇ ਅੰਗਰੇਜ਼ ਭਗਤਾਂ ਬਾਈਕਾਟ ਕੀਤਾ। ਕੂਕਿਆਂ ਪੂਰਾ ਸਹਿਯੋਗ ਪਾਇਆ। ਪਹਿਲੀ ਜਨਵਰੀ ੧੯੩੦ ਨੂੰ ਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ। ੨੬ ਜਨਵਰੀ ੧੯੩੦ ਨੂੰ ਦੇਸ਼ ਵਾਸੀਆਂ ਪ੍ਰਤੱਗਿਆ ਲਈ। ਮਹਾਤਮਾ ਗਾਂਧੀ ਜੀ ਮਾਰਚ ਦੇ ਮਹੀਨੇ ਡਾਂਡੀ ਮਾਰਚ ਸ਼ੁਰੂ ਕੀਤਾ। ਨਮਕ ਕਾਨੂੰਨ ਤੋੜਿਆ। ਸੈਂਕੜੇ ਵੀਰ ਤੇ ਵੀਰਾਂਗਨਾਂ ਲਾਠੀ ਗੋਲੀ ਦਾ ਸ਼ਿਕਾਰ ਹੋਏ। ਕੋਈ ਸਵਾ ਲੱਖ ਕੌਮੀ


Sri Satguru Jagjit Singh Ji eLibrary NamdhariElibrary@gmail.com

ਪ੍ਰਵਾਨਿਆਂ ਜੇਲ੍ਹ ਯਾਤਰਾ ਕੀਤੀ। ਸੂਬਾ ਸਰਹੰਦ ਵਿਚ ਖਾਨ ਅਬਦੁਲ ਗਫ਼ਾਰ ਖਾਂ ਸਰਹੱਦੀ ਗਾਂਧੀ ਬਣ ਉਭਰਿਆ। ਗਯੂਰ ਪਠਾਣਾਂ ਪੂਰਨ ਸ਼ਾਂਤੀ ਨਾਲ ਸਤਿਆਗ੍ਰਹਿ ਕੀਤਾ। ਮੁੜ ਗਾਂਧੀ ਇਰਵਨ ਪੈਕਟ ਹੋਇਆ। ਲੰਡਨ ਵਿਚ ਗੋਲਮੇਜ਼ ਕਾਨਫਰੰਸ ਹੋਈ। ਨਤੀਜਾ ਉਹੀ ਢਾਕ ਤੇ ਤੀਨ ਪਾਤ। ਅੰਤ ਫਿਰਕੂ ਆਧਾਰ ਤੇ ਗੌਰਮਿੰਟ ਐਕਟ ਬਣਿਆ। ਦੇਸ਼ ਭਰ ਵਿਚ ਚੋਣਾਂ ਹੋਈਆਂ। ੧੯੩੭ ਵਿਚ ਕਾਂਗਰਸ ੭ ਸੂਬਿਆਂ ਵਿਚ ਬਹੁਮਤ ਪ੍ਰਾਪਤ ਕੀਤਾ।

੧੯੩੯ ਵਿਚ ਦੂਸਰਾ ਸੰਸਾਰ ਯੁਧ ਹੋਇਆ। ਵਾਇਸਰਾਏ ਹਿੰਦ, ਦੇਸ਼ ਨਾਲ ਸਲਾਹ ਬਿਨਾਂ ਭਾਰਤੀਆਂ ਨੂੰ ਜੰਗ ਵਿਚ ਝੋਕ ਦਿਤਾ ਕਾਂਗਰਸ ਨੇ ਰੋਸ ਵਜੋਂ ਵਜ਼ਾਰਤਾਂ ਛੱਡ ਦਿਤੀਆਂ। ਉਧਰ ਲੰਡਨ ਵਿਚ ਸਰਦਾਰ ਊਧਮ ਸਿੰਘ ਜਲਿਆਂ ਵਾਲੇ ਬਾਗ ਦੇ ਖੂਨੀ ਉਡਵਾਇਰ ਨੂੰ ਗੋਲੀਆਂ ਨਾਲ ਭੁੰਨ ਸੁਟਿਆ। ਤੇ ਸ਼ਹਾਦਤ ਪ੍ਰਾਪਤ ਕੀਤੀ। ੧੯੪੨ ਵਿਚ ਭਾਰਤ, ਛੋੜੋ ਅੰਦੋਲਨ ਸ਼ੁਰੂ ਹੋਈ। ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਸ: ਪਟੇਲ, ਅਬੂਅਲ ਕਲਾਮ ਆਜ਼ਾਦ, ਸਰੋਜਨੀ ਨੈਡੂ, ਰਾਜਗੋਪਾਲਚਾਰੀਆ ਆਦਿ ਜੇਲ੍ਹਾਂ ਅੰਦਰ ਡਕ ਦਿਤੇ। ਅਨੇਕ ਬਚੇ, ਔਰਤਾਂ ਤੇ ਮਰਦ ਪੁਲਸ ਦੀ ਲਾਠੀ ਨਾਲ ਦਮ ਤੋੜਿਆ। ਪੂਰਬ ਵਾਲੇ ਪਾਸੇ ਸੁਭਾਸ਼ ਚੰਦਰ ਬੋਸ ਆਜ਼ਾਦ ਹਿੰਦ ਫੌਜ ਖੜੀ ਕਰ ਦਿੱਲੀ ਚਲੋ ਦਾ ਜੈਕਾਰਾ ਛਡਿਆ। ਪਰਬਤ ਤੇ ਬੇਲੇ ਗੂੰਜੇ। ਬੰਬਈ ਵਿਚ ਨੇਵੀ ਨੇ ਨੌਜਵਾਨਾਂ ਨਾ-ਫੁਰਮਾਨੀ ਕਰ ਦਿਤੀ। ਕੁਝ ਪੁਲਸ ਵਾਲਿਆਂ ਵੀ ਵਰਦੀਆਂ ਲਾਹ ਸੁਟੀਆਂ।

ਜੰਗ ਮੁਕਾ। ਚਰਚਲ ਹਕੂਮਤ ਗਈ। ਲੇਬਰਾਂ ਹੱਥ ਵਾਗਡੋਰ ਆਈ। ਉਹਨਾਂ ਵੀ ਦੇਸ਼ ਦੀ ਵੰਡ ਕਰ ਦਿਤੀ। ਭਰਾ ਨਾਲੋਂ ਭਰਾ ਵੱਖ ਹੋਇਆ। ਅੰਤ ਭਾਰਤ ਦੇ ਆਕਾਸ਼ ਤੇ ੧੫ ਅਗਸਤ ੧੯ ੭ ਸਵਤੰਤਰਤਾ ਦਾ ਸੂਰਜ ਚੜਿਆ।

---

## ਪਿੰਡ ਕੱਕੜਾਂ ਵਿਚ ਅਖੰਡ ਪਾਠ

ਸ. ਬਾਜ ਸਿੰਘ ਸਪੁਤਰ ਸੰਤ ਲਛਮਣ ਸਿੰਘ ਪਿੰਡ ਕੱਕੜ ਜ਼ਿਲਾ ਅੰਮ੍ਰਿਤਸਰ ਵਲੋਂ ਰਾਮਟਾਲੀ ਗੁਰਦੁਆਰਾ ਵਿਚ ਪੂਰਨ ਨਾਮਧਾਰੀ ਰਹਿਤ ਮਰਿਆਦਾ ਅਨੁਸਾਰ ਅਖੰਡ ਪਾਠ ਕੀਤਾ ਗਿਆ। ਇਸ ਪਾਠ ਦਾ ਭੋਗ ਮੰਗਲਵਾਰ ੩੦ ਜੁਲਾਈ ੧੯੯੧ ਨੂੰ ਪਿਆ। ਇਸ ਸਮੇਂ ੩੮ ਸਰੀਰਾਂ ਨੇ ਭਜਨ ਪੁੱਛ ਕੇ ਅੰਮ੍ਰਿਤ ਛਕਿਆ।

ਇਹ ਸੂਚਨਾ ਸੰਤ ਜੁਗਿੰਦਰ ਸਿੰਘ ਜੀ ਨੇ ਦਿਤੀ ਹੈ।


Manufacturers of :
Hydraulic Presses for Rubber Industries,
Streightening Bending, Deep Drawing,
Clutch Facing & Brack-Linings

Specialists in :
Deep Drawing, Hydraulic Press for
Pressure Cooker

**HIND**
**Hydraulic Industries**

**Opp. Dass, Hitachi, Industrial Area,**
**Rajinder Nagar, P.O. Mohan Nagar,**
**GHAZIABAD.**
Phone : 867031


ਪਾਠਕੋ ਵਰਿਆਮ ਦੇ ਬਕਾਇਆ
ਚੰਦੇ ਜਲਦੀ ਭੇਜੋ


Phones : 5726018, 5710321
Resi. : 585011

**HOTEL**
**RAJINDERA**

**34, South Patel Nagar,**
**NEW DELHI-110008.**

Prop. : Seth Sohinder Singh





Sri Satguru Jagjit Singh Ji eLibrary NamdhariElibrary@gmail.com

# ਨੇਪਾਲ ਵਿਚ ਨਾਮਧਾਰੀ ਮਿਸ਼ਨ

—ਸ: ਨਾਹਰ ਸਿੰਘ

ਪਿਛਲੀ ਸਦੀ ਵਿਚ ਗੁਰੂ ਰਾਮ ਸਿੰਘ ਵਲੋਂ ਚਲਾਏ 'ਕੂਕਾ ਅੰਦੋਲਨ' ਦੇ ਸੰਬੰਧ ਵਿਚ ਭਾਰਤ ਦੀਆਂ ਸਰਹਦੀ ਹਕੂਮਤਾਂ ਕਸ਼ਮੀਰ ਅਤੇ ਨੈਪਾਲ ਵਿਚ ਮਿਸ਼ਨ ਭੇਜ ਕੇ ਤਾਲ-ਮੇਲ ਪੈਦਾ ਕੀਤਾ ਗਿਆ। ਪ੍ਰਸਿਧ ਇਤਿਹਾਸਕਾਰ ਸ: ਨਾਹਰ ਸਿੰਘ ਦੁਆਰਾ ਲਿਖੇ ਇਤਿਹਾਸ ਦੇ ਇਹਨਾਂ ਹੀ ਪੰਨਿਆਂ ਤੇ ਪਾਠਕਾਂ ਦੀ ਝਾਤ ਪੁਆ ਰਹੇ ਹਾਂ। —ਸੰਪਾਦਕ

---

ਨੈਪਾਲ ਸਵਤੰਤਰ ਰਾਜ ਦੇ ਉਸ ਸਮੇਂ ਦਾ ਵਡਾ ਵਜ਼ੀਰ ਜੰਗ ਬਹਾਦਰ ਰਾਣਾ ਸੀ। ਨੈਪਾਲ ਦਾ ਅਸਲੀ ਬਾਦਸ਼ਾਹ ਜਿਸ ਨੂੰ ਪੰਜ ਸਰਕਾਰ ਕਹਿੰਦੇ ਹਨ, ਸੰਨ ੧੯੫੦ ਤਕ ਸਿਰਫ ਚੌਪਟ ਦਾ ਬਾਦਸ਼ਾਹ ਹੀ ਹੁੰਦਾ ਸੀ। ਰਿਆਸਤ, ਹਕੂਮਤ ਆਦਿ ਦਾ ਸਾਰਾ ਕੰਮ ਸੰਨ ੧੮੦੩ ਤੋਂ ਲੈਕੇ ਸੰਨ ੧੯੫੦ ਤਕ ਵਡੇ ਵਜ਼ੀਰਾਂ ਜਿਸ ਨੂੰ ਤੀਨ ਸਰਕਾਰ ਕਹਿੰਦੇ ਸਨ, ਦੇ ਹਥਾਂ ਵਿਚ ਹੁੰਦਾ ਸੀ। ਮਹਾਰਾਜਾ ਜੰਗ ਬਹਾਦੁਰ ਨੈਪਾਲ ਇਤਿਹਾਸ ਵਿਚ ਭੀਮ ਸੈਨ ਥਾਪਾ ਪਿਛੋਂ ਅਵਲ ਦਰਜੇ ਦਾ ਸਿਆਸਤਦਾਨ, ਚੱਤੁਰ ਅਤੇ ਅੰਗਰੇਜ਼ਾ ਦੀਆਂ ਡੂੰਘੀਆਂ ਚਾਲਾਂ ਨੂੰ ਸਮਝਣ ਵਾਲਾ ਵਜ਼ੀਰ ਆਜ਼ਮ ਹੋਇਆ ਹੈ। ਜੰਗ ਬਹਾਦੁਰ ਆਪਣੇ ਮਾਮਿਆਂ, ਥਾਪਾ ਰਾਜ ਘਰਾਣਾ, ਉਨ੍ਹਾਂ ਦੇ ਪ੍ਰਵਾਰਾਂ ਅਤੇ ਹਮਾਇਤੀਆਂ ਦੇ ਲਹੂ ਦੀਆਂ ਨਦੀਆਂ ਵਗਾਕੇ ਸੰਨ ੧੮੪੭ ਵਿਚ ਖੁਦ ਵਡੇ ਵਜ਼ੀਰ ਦੀ ਗੱਦੀ ਦਾ ਮਾਲਕ ਬਣਿਆ। ਛੋਟੀ ਉਮਰ ਵਿਚ ਜੰਗ ਬਹਾਦੁਰ ਆਪਣੇ ਮਾਮੇ ਜਨਰਲ ਮਾਤਾਬਰ ਸਿੰਘ ਥਾਪਾ ਨਾਲ ਮਹਾਰਾਜ ਰਣਜੀਤ ਸਿੰਘ ਦੇ ਦਰਬਾਰ ਵਿਚ ਲਾਹੌਰ ਭੀ ਰਹਿੰਦਾ ਰਿਹਾ ਸੀ। ਜਦ ਸੰਨ ੧੮੪੩ ਵਿਚ ਜਨਰਲ ਮਾਤਾਬਰ ਸਿੰਘ ਥਾਪਾ ਏਥੋਂ ਜਾ ਕੇ ਨੈਪਾਲ ਦਾ ਵਡਾ ਵਜ਼ੀਰ ਬਣਿਆ, ਤਦ ਜੰਗ ਬਹਾਦਰ ਭੀ ਇਕ ਵਡਾ ਅਹੁਦੇ-ਦਾਰ ਬਣ ਗਿਆ। ਇਹੋ ਕਾਰਨ ਸੀ, ਕਿ ਜਦ ਮਹਾਰਾਨੀ ਜਿੰਦਾਂ ਚੁਨਾਰ ਦੇ ਕਿਲੇ ਵਿਚੋਂ ਭੇਸ ਬਦਲਾ ਕੇ ਨਿਕਲੀ, ਉਹ ਸਿਧੀ ਨੈਪਾਲ ਜੰਗ ਬਹਾਦੁਰ ਪਾਸ ਜਾ ਪਹੁੰਚੀ। ਉਸਨੇ ਉਸਨੂੰ ਦਰਯਾ ਬਾਘਮਤੀ ਦੇ ਕਨਾਰੇ ਥਾਪਾਥਲੀ ਵਿਚ ਰਹਿਣ ਲਈ ਇਕ ਮਹਿਲ ਦੇ ਕੇ ਉਸ ਲਈ ਰਿਆਸਤ ਵਲੋਂ ਖਰਚ ਲਈ ਚੰਗੀ ਰਕਮ ਗੁਜ਼ਾਰੇ ਵਜੋਂ ਮੁਕਰਰ ਕਰ ਦਿਤੀ।

ਗੱਦੀ ਸੰਭਾਲਣ ਪਿਛੋਂ ਇਕ ਦੋ ਸਾਲ ਮਹਾਰਾਜਾ ਜੰਗ ਬਹਾਦੁਰ ਨੇ ਆਪਣੀ ਤਾਕਤ ਪੱਕੀ ਕਰਨ ਵਿਚ ਲਾਏ। ੧੮੫੦ ਵਿਚ ਉਸਨੇ ਤਿੱਬਤ ਤੇ ਚੜ੍ਹਾਈ ਕਰ ਦਿਤੀ। ਲੜਾਈ ਵਿਚ ਤਿੱਬਤੀਆਂ ਨੂੰ ਹਾਰ ਹੋਈ। ਜੰਗ ਬਹਾਦੁਰ ਵਲੋਂ ਸੰਧੀਨਾਮੇਂ ਦੀ ਦੂਜੀ ਸ਼ਰਤ ਇਹ ਰੱਖੀ ਗਈ ਕਿ ਲਾਹੌਰ ਦਰਬਾਰ ਦੇ ਕੇਸਾਂ ਵਾਲੇ ਜਿਹੜੇ ਸਿਖ ਸਿਪਾਹੀ ਤਿਬਤ ਵਾਲਿਆਂ ਦੀ ਕੈਦ ਵਿਚ ਸਨ, ਉਨ੍ਹਾਂ ਸਭਨਾਂ ਨੂੰ ਛੱਡਕੇ ਨੈਪਾਲ ਰਾਜ ਦੇ ਹਵਾਲੇ ਕਰ ਦਿਤਾ ਜਾਵੇ। ਇਹ ਸਿਖ ਸਿਪਾਹੀ ਅਤੇ ਉਨਾਂ ਦਾ ਅਫਸਰ ਖਟਮੰਡੂ ਪਹੁੰਚ ਗਏ ਅਤੇ ਆਪਣੇ ਨਾਲ ਸਰਦਾਰ ਲਹਿਣਾ ਸਿੰਘ ਮਜੀਠੀਏ ਦੀ ਕਾਢ, ਉੱਚਿਆਂ ਪਹਾੜਾਂ ਤੇ ਦੁਸ਼ਮਨਾਂ ਨਾਲ ਲੜਾਈ ਵਿਚ ਇਸਤਿਅਮਾਲ ਕਰਨ ਲਈ ਚਮੜੇ ਦੀਆਂ ਦੋ ਤੋਪਾਂ ਭੀ ਲੈ ਆਏ ਜੋ ਅਜ ਤਕ ਨੈਪਾਲ ਰਾਜ ਦੀ ਰਾਜਧਾਨੀ ਖਟਮੰਡੂ ਦੇ ਸ਼ਸ਼ਤ੍ਰਘਰ ਵਿਚ ਪਈਆਂ ਹਨ। ਲੇਖਕ ਨੇ ਸੰਨ ੧੯੪੭ ਅਤੇ ੧੯੪੮ ਵਿਚ ਅਖੀਂ ਦੇਖੀਆਂ ਹਨ।

ਮਹਾਰਾਜ ਜੰਗ ਬਹਾਦੁਰ ਨੇ ਇਨ੍ਹਾਂ ਸਿਖਾਂ ਨੂੰ ਆਪਣੀਆਂ ਫੌਜਾਂ ਨੂੰ ਕਵਾਇਦ ਪਰੇਡਾਂ ਕਰੌਣ ਅਤੇ ਨਵੇਂ ਢੰਗ ਦੀਆਂ ਪਹਾੜੀ, ਮੈਦਾਨੀ ਲੜਾਈਆਂ ਲੜਣ ਦੇ ਕੰਮ ਸਖੌਣ ਤੇ ਨੌਕਰ ਰਖ ਲਿਆ। ਖਟਮੰਡੂ ਵਿਚ ਉਦਾਸੀਆਂ ਅਤੇ ਨਿਰਮਲੇ ਸਾਧੂਆਂ ਦੇ ਡੇਰੇ ਭੀ ਹਨ, ਜਿਨ੍ਹਾਂ ਨੂੰ ਰਿਆਸਤ ਵਲੋਂ ਚੰਗੀਆਂ ਜਗੀਰਾਂ ਲੱਗੀਆਂ ਹੋਈਆਂ ਹਨ। ਸੋ ਮਹਾਰਾਣੀ ਜਿੰਦਾਂ ਦੇ ਉਥੇ ਹੋਵਣ ਕਰਕੇ ਅਤੇ ਸਿਖਾਂ ਦੇ ਨੈਪਾਲ ਦੀਆਂ ਪਲਟਣਾਂ ਵਿਚ ਨੌਕਰੀ ਕਾਰਨ ਨੈਪਾਲ ਵਿਚ ਸਿਖਾਂ ਦੀ ਆਵਾਜਾਈ ਹੋ ਗਈ। ਮਹਾਰਾਜਾ ਜੰਗ ਬਹਾਦੁਰ ਨੇ ਗਦਰ ਸਮੇਂ ਆਪਣੀਆਂ ਫੌਜਾਂ ਤਰਾਈ ਵਿਚ ਲੈ ਆਂਦੀਆਂ, ਪਰ ਜਦ ਇਹ ਦੇਖਿਆ ਕਿ ਹਿੰਦੁਸਤਾਨੀ ਬਾਗੀਆਂ ਦੀ ਸਕੀਮ ਕੁਝ ਅਘੜੀ ਦੁਘੜੀ ਹੀ ਹੈ, ਤਦ ਇਹ ਅੰਗਰੇਜ਼ਾਂ ਦੇ ਨਾਲ ਹੋ ਗਿਆ ਅਤੇ ਨੈਪਾਲ ਨੂੰ ਮੁੜ ਕੇ ਜਾਂਦਾ ਹੋਇਆ ਲਖਨਊ ਦੀ ਲੁਟ ਨਾਲ ਹੀ ਲੈ ਗਿਆ।

ਸੰਨ ੧੮੫੭ ਦੀ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਲਈ ਲੜੀ ਗਈ ਲੜਾਈ ਪਿਛੋਂ ਨਾਨਾ ਸਾਹਿਬ, ਤਾਂਤੀਆਂ ਟੋਪੀ, ਨਵਾਬ ਅਬਦੁਲਮਜੀਦ ਖਾਂ ਲਖਨਊ ਵਾਲਾ, ਬਾਬੂ ਕੇਇਰ ਸਿੰਘ, ਬਾਬੂ ਬੰਧੂ ਸਿੰਘ ਅਤੇ ਹੋਰ ਬਹੁਤ ਸਾਰੇ ਹਿੰਦੁਸਤਾਨੀ ਭਜ ਕੇ ਨੇਪਾਲ ਦੀ ਹੱਦ ਵਿਚ ਚਲੇ ਗਏ। ਮਹਾਰਾਜਾ ਜੰਗ ਬਹਾਦੁਰ ਨੇ ਸਭ ਨੂੰ ਜੀਓ ਆਇਆਂ ਕਿਹਾ। ਨਾਨਾ ਸਾਹਿਬ ਦੀ ਮਹਾਰਾਣੀ ਲਖਸ਼ਮੀ ਰਾਣੀ ਦੇ ਰਹਿਣ ਲਈ ਵਖਰਾ ਮਹਿਲ ਦੇ ਦਿਤਾ ਅਤੇ ਰਸਦਾਂ ਲਾ ਦਿਤੀਆਂ। ਅੰਗਰੇਜ਼ਾਂ ਨੇ ਮਹਾਰਾਜਾ ਜੰਗ ਬਹਾਦੁਰ ਨੂੰ ਇਨ੍ਹਾਂ ਬਾਗੀਆਂ ਨੂੰ ਫੜ ਕੇ ਉਹਨਾਂ ਦੇ ਹਵਾਲੇ ਕਰਨ ਲਈ ਬੇਹੱਦ ਜ਼ੋਰ ਲਾਏ, ਪਰ ਜੰਗ ਬਹਾਦੁਰ ਨੇ ਐਸਾ ਕਰਨ ਤੋਂ ਹਮੇਸ਼ਾ ਹੀ ਨਾਂਹ ਕੀਤੀ। ਜੰਗ ਬਹਾਦੁਰ ਨੂੰ ਖਿਆਲ ਸੀ ਕਿ ੧੮੫੭ ਦੀ ਮਦਦ ਬਦਲੇ ਅੰਗਰੇਜ਼ ਨੇਪਾਲ ਰਾਜ ਦਾ ਉਹ ਅਲਾਕਾ ਜੋ ਉਹਨਾਂ ਨੇ ਸੰਨ ੧੮੧੬ ਦੀ ਲੜਾਈ ਪਿਛੋਂ ਸੁਲਹ ਹੋਣ ਤੇ ਸਾਗੌਲੀ ਦੇ ਸੰਧੀਨਾਮੇਂ ਅਨੁਸਾਰ ਨੇਪਾਲ ਪਾਸੋਂ ਖੋਹ ਲਿਆ ਸੀ, ਵਾਪਸ ਕਰ ਦੇਵਣਗੇ। ਪਰ ਜੰਗ ਬਹਾਦੁਰ ਦੇ ਬਾਰ ਬਾਰ ਮੰਗ ਕਰਨ [illegible]

Sri Satguru Jagjit Singh Ji eLibrary NamdhariElibrary@gmail.com

ਕਰਨੋਂ ਇਨਕਾਰ ਕੀਤਾ। ਇਸ ਲਈ ਜੰਗ ਬਹਾਦੁਰ ਭਾਵੇਂ ਉਪਰੋਂ ਉਪਰੋਂ ਅੰਗਰੇਜ਼ਾਂ ਨਾਲ ਸੁਲਹ ਹੀ ਰਖਦਾ ਸੀ, ਪਰ ਦਿਲੋਂ ਹਮੇਸ਼ਾ ਆਪਣੇ ਦਾਓ ਤੇ ਹੀ ਰਹਿੰਦਾ।

੧੮੫੭ ਦੇ ਗ਼ਦਰ ਸਮੇਂ ਲਖਨਊ ਵਿਖੇ ਬੰਗਾਲ ਰਜਮੈਂਟ ਦੇ ਪੰਜਾਬੀ ਹਵਾਲਦਾਰ ਨੰਦ ਰਾਮ ਰਾਜਪੂਤ ਨੇ ਆਪਣੀ ਪਲਟਨ ਨੂੰ ਅੰਗਰੇਜ਼ਾਂ ਦੇ ਵਿਰੁਧ ਖੜੇ ਕਰਨ ਅਤੇ ਅੰਗਰੇਜ਼ ਅਫਸਰਾਂ ਨੂੰ ਮਾਰਨ ਦਾ ਸ਼ਲਾਘਾਯੋਗ ਕੰਮ ਕੀਤਾ ਸੀ। ਇਸ ਲਈ ਨੰਦ ਰਾਮ ਨੂੰ ਅੰਗਰੇਜ਼ਾਂ ਦੇ ਖਿਲਾਫ ਲੜਨ ਵਾਲੀਆਂ ਫੌਜਾਂ ਵਾਲੇ ਸਿਪਾਹੀ ਜਰਨੈਲ ਦੇ ਨਾਮ ਨਾਲ ਬੁਲਾਣ ਲਗ ਪਏ ਸਨ। ਇਹ ਵੀ ਭਜ ਕੇ ਨੇਪਾਲ ਚਲਿਆ ਗਿਆ ਸੀ। ਇਹ ਬੜਾ ਹੀ ਬਹਾਦੁਰ, ਜੋੜਾਂ ਤੋੜਾਂ ਨੂੰ ਸਮਝਣ ਵਾਲਾ ਬੰਦਾ ਸੀ। ਨਾਮਧਾਰੀ ਕਿਸ਼ਨ ਸਿੰਘ ਦੂਜਾ ਨਾਮ ਹਰੀ ਸਿੰਘ ੧੮੬੮ ਵਿਚ ਨੰਦ ਰਾਮ ਨੂੰ ਜਾ ਮਿਲਿਆ। ਇਹ ਉਹੀ ਕਿਸ਼ਨ ਸਿੰਘ ਜਾਂ ਹਰੀ ਸਿੰਘ ਸੀ ਜੋ ਰਾਜਾ ਸਿੰਘ ਤਰਾਂਡੀ-ਵਾਲੇ ਨਾਲ ਵੇਦਾਂਤੀ ਜੀ ਨੂੰ ਜੰਮੂ ਮਿਲਦਾ ਰਹਿੰਦਾ ਸੀ। ਜਰਨੈਲ ਨੰਦ ਰਾਮ ਤੇ ਹਰੀ ਸਿੰਘ ਇਕਠੇ ਹੀ ਰਹਿੰਦੇ ਸਨ। ਇਹ ਦੋਨੋਂ ਭੂਟਾਨ ਦੇ ਦੇਬਰਾਜਾ ਵਲੋਂ, ਮਹਾਰਾਜ ਜੰਗ ਬਹਾਦੁਰ ਦੇ ਨਾਮ ਜ਼ਰੂਰਤ ਸਮੇਂ ਆਪਸ ਵਿਚ ਜੰਗੀ ਮਦਦ ਦੇਵਣ, ਲੈਵਣ, ਦਾ ਸੰਦੇਸ਼ ਲੈ ਕੇ ਨੇਪਾਲ ਅਪੜੇ। ਇਹਨਾਂ ਹੀ ਦਿਨਾਂ ਵਿਚ ਮਹਾਰਾਜ ਜੰਗ ਬਹਾਦੁਰ ਦੇ ਕੁਝ ਆਦਮੀ ਕਸ਼ਮੀਰ ਪਹੁੰਚੇ।—ਅੰਗਰੇਜ਼ੀ ਹਾਕਮਾਂ ਨੂੰ ਇਹਨਾਂ ਦੇ ਆਵਣ ਦਾ ਪਤਾ ਲਗਾ, ਤਦ ਉਹ ਬਹੁਤ ਘਬਰਾਏ।

ਮਹਾਰਾਜ ਜੰਗ ਬਹਾਦੁਰ ਹਰ ਉਸ ਹਿੰਦੁਸਤਾਨੀ ਨਾਲ ਜੋ ਅੰਗਰੇਜ਼ਾਂ ਦੇ ਵਿਰੁਧ ਹੋਵੇ, ਆਪਣੇ ਜ਼ਾਤੀ ਤਅਲਕਾਤ ਪੈਦਾ ਕਰਨੇ ਚਾਹੁੰਦਾ ਸੀ। ਸਰਕਾਰ ਪੰਜਾਬ ਨੇ ਕਿਸ਼ਨ ਸਿੰਘ ਨਾਮਧਾਰੀ ਦੇ ਇਕ ਕਤਲ ਦੇ ਮੁਕੱਦਮੇ ਵਿਚ ਵਾਰੰਟ ਕੱਟ ਦਿਤੇ। ਇਹ ਵਾਰੰਟ ਨੇਪਾਲ ਦੇ ਰੈਜ਼ੀਡੈਂਟ ਪਾਸ ਪਹੁੰਚਾਏ ਗਏ। ਪਰ ਜੰਗ ਬਹਾਦੁਰ ਐਸੇ ਬੰਦਿਆਂ ਨੂੰ ਲੈਣ ਦੇਣ ਦੀ ਗਲ ਅੰਗਰੇਜ਼ ਰੈਜ਼ੀਡੈਂਟ ਨਾਲ ਉਕਾ ਹੀ ਨਹੀਂ ਕੀਤਾ ਕਰਦਾ ਸੀ।

ਗੁਰੂ ਰਾਮ ਸਿੰਘ ਜੀ ਦਾ ਨਾਮ ਸੁਣ ਕੇ ਜੰਗ ਬਹਾਦੁਰ ਨੇ ਆਪ ਜੀ ਨਾਲ ਸੰਬੰਧ ਪੈਦਾ ਕਰਨ ਦੀ ਇਛਿਆ ਜ਼ਾਹਰ ਕੀਤੀ। ਸੰਦੇਸ਼ ਪਹੁੰਚਣ ਤੇ ਆਪ ਜੀ ਨੇ ਦੋ ਉਘੇ ਅਤੇ ਸਿਆਣੇ ਨਾਮਧਾਰੀ ਸੂਬਿਆਂ ਨੂੰ ਇਕ ਜੋੜਾ ਖਚਰਾਂ ਦਾ ਅਤੇ ਦੋ ਮੱਝਾਂ ਤੋਹਫੇ ਦੇ ਤੌਰ ਤੇ ਦੇ ਕੇ ੪ ਨਾਮਧਾਰੀ ਸੇਵਾਦਾਰਾਂ ਨਾਲ ਨੇਪਾਲ ਨੂੰ ਭੇਜ ਦਿਤਾ।

ਨੇਪਾਲ ਦਰਬਾਰ ਦੇ ਕਾਇਦਿਆਂ ਅਨੁਸਾਰ ਕ੍ਰਿਪਾਲ ਸਿੰਘ ਨੇ ਪਹੁੰਚਣ ਸਾਰ ਸੂਬਿਆਂ ਦੀ ਮੁਲਾਕਾਤ ਜੰਗ ਬਹਾਦੁਰ ਦੇ ਪੁਤਰ ਹਜ਼ੂਰੀ ਜਨਰਲ ਟਿੱਕਾ ਬਬਰ ਜੰਗ ਨਾਲ ਕਰਵਾਈ। ਟਿੱਕਾ ਬਬਰ ਜੰਗ ਨੇ ਇਹਨਾਂ ਨੂੰ ਆਪਣੇ ਪਿਤਾ ਮਹਾਰਾਜ ਜੰਗ ਬਹਾਦੁਰ ਦੇ ਪੇਸ਼ ਕੀਤਾ। ਤੋਹਫਿਆਂ ਬਦਲੇ ਗੁਰੂ ਰਾਮ ਸਿੰਘ ਜੀ ਲਈ ਮਹਾਰਾਜ ਤੀਨ ਸਰਕਾਰ ਵਲੋਂ ੫੦੦ ਰੁਪਿਆ ਨਕਦ, ਇਕ ਕਸਤੂਰੀ ਤੇ ਸੋਨੇ ਦੀ ਮਾਲਾ, ਇਕ ਦੋਸ਼ਾਲਾ, ਇਕ ਤਿੱਬਤੀ ਘੋੜਾ ਤੇ ਦੋ ਖੋਖਰੀਆਂ ਤੋਹਫਿਆਂ ਦੇ ਤੌਰ ਤੇ ਭੇਜੀਆਂ ਗਈਆਂ। ਤੋਹਫਿਆਂ ਤੋਂ ਹੀ ਪਤਾ ਲਗਦਾ ਹੈ, ਕਿ ਇਹ ਵਟਾਂਦਰਾ ਬਰਾਬਰ ਦੇ ਮਿਤਰਾਂ ਦਾ ਵਟਾਂਦਰਾ ਸੀ, ਅਤੇ ਵਕਤ ਆਵਣ ਤੇ ਮਦਦ ਲੈਵਣ ਦੇਵਣ ਦਾ ਇਕਰਾਰ ਸੀ।

ਅੰਗਰੇਜ਼ੀ ਸਰਕਾਰ ਨੂੰ ਕੂਕਿਆਂ ਦੇ ਨੇਪਾਲ ਜਾਵਣ ਤੇ ਬੜਾ ਹੀ ਸ਼ੱਕ ਸੀ। ਇਸ ਲਈ ਅੰਗਰੇਜ਼ ਹਾਕਮ ਆਪਣੇ ਸੂਹੀਏ ਭੇਜਦੇ ਹੀ ਰਹਿੰਦੇ ਸੀ। ਸੰਨ ੧੮੭੧ ਵਿਚ ਕਾਸ਼ੀ-ਪੁਰ ਵਾਲੇ ਰਾਜਾ ਸ਼ਿਵਰਾਜ ਸਿੰਘ ਨੂੰ ਨੇਪਾਲ ਭੇਜਿਆ ਗਿਆ, ਜਿਸ ਨੇ ਆ ਕੇ ਰੀਪੋਰਟ ਦਿਤੀ "ਕਿ ਗਲਾਂਬਾਤਾਂ ਵਿਚ ਮਹਾਰਾਜ ਜੰਗ ਬਹਾਦੁਰ ਨੇ ਅੰਮ੍ਰਿਤਸਰ ਦੇ ਬੁਚੜਾਂ ਦੇ ਕਤਲ ਦਾ ਜ਼ਿਕਰ ਕੀਤਾ ਹੈ, ਕ੍ਰਿਪਾਲ ਸਿੰਘ ਵੀ ਉਸ ਨੂੰ ਮਿਲਿਆ ਹੈ ਅਤੇ ਉਸ ਨਾਲ ਗੱਲਾਂ ਕੀਤੀਆਂ ਹਨ। ਪਰ ਕਿਸ਼ਨ ਸਿੰਘ ਦਾ ਕੁਝ ਪਤਾ ਨਹੀਂ ਚਲਦਾ। ਤਾਂਤੀਆ ਟੋਪੀ ਦੇ ਛੋਟੇ ਭਾਈ ਨੂੰ ਉਹ ਨੇਪਾਲ ਵਿਚ ਮਿਲਿਆ ਸੀ। ਪਰ ਨਾਨਾ ਸਾਹਿਬ ਦਾ ਕੋਈ ਥਹੁ ਪਤਾ ਨਹੀਂ ਲਗਾ।" ਰਾਜਾ ਸਾਹਿਬ ਨੇ ਇਹ ਵੀ ਦਸਿਆ ਕਿ ਉਸ ਨੇ ਜੰਗ ਬਹਾਦੁਰ ਨੂੰ ਅੰਗਰੇਜ਼ਾਂ ਨਾਲ ਮਿਤਰਾਨਾ ਸੰਬੰਧ ਕਾਇਮ ਕਰਨ ਲਈ ਵੀ ਕਿਹਾ ਸੀ।

ਨੇਪਾਲ ਵਿਚ ਅੰਗਰੇਜ਼ ਰੈਜ਼ੀਡੈਂਟ ਮਿਸਟਰ ਲਾਰੰਸ ਕਿਸੇ ਨਾ ਕਿਸੇ ਬਹਾਨੇ ਮਹਾਰਾਜ ਜੰਗ ਬਹਾਦੁਰ ਨਾਲ ਨਾਮ-ਧਾਰੀਆ ਸੰਬੰਧੀ ਗਲਾਂਬਾਤਾਂ ਦਾ ਪਤਾ ਲੈਣ ਦੀਆਂ ਕੋਸ਼ਿਸ਼ਾਂ ਵਿਚ ਲੱਗਾ ਰਹਿੰਦਾ ਸੀ। ਇਕ ਦਿਨ ਜੰਗ ਬਹਾਦੁਰ ਨੇ ਗਲਬਾਤ ਕਰਦਿਆ ਦਸਿਆ, ਕਿ ਉਸ ਦੀ ਇਤਲਾਹ ਮੁਜਬ ਪੰਜਾਬ ਵਿਚ ੩ ਲਖ ਕੂਕੇ ਹਨ। ਨੇਪਾਲ ਦੀਆਂ ਫੌਜਾਂ ਵਿਚ ਕੂਕਿਆਂ ਦੇ ਹੋਣ ਸੰਬੰਧੀ ਜੰਗ ਬਹਾਦੁਰ ਨੇ ਰੈਜ਼ੀਡੈਂਟ ਨੂੰ ਇਹ ਕਹਿ ਕੇ ਗਲ ਟਾਲ ਦਿਤੀ, ਕਿ ਉਹ ਬਗੈਰ ਗੋਰਖਿਆਂ ਦੇ ਕਿਸੇ ਹੋਰ ਨੂੰ ਆਪਣੀਆਂ ਫੌਜਾਂ ਵਿਚ ਨਹੀਂ ਰਖਦਾ। ਰੈਜ਼ੀਡੈਂਟ ਨੂੰ ਜੰਗ ਬਹਾਦੁਰ ਨੇ ਇਹ ਵੀ ਦਸਿਆ, ਕਿ ਨਾਮਧਾਰੀ ਅੰਗਰੇਜ਼ੀ ਹਕੂਮਤ ਦੇ ਸਖਤ ਵਿਰੋਧੀ ਹਨ, ਅਤੇ ਸਮਾਂ ਆਵਣ ਤੇ ਉਹ ਅੰਗਰੇਜ਼ਾਂ ਦੇ ਵਿਰੁਧ ਜ਼ਰੂਰ ਉਠ ਖਲੋਵਣਗੇ। ਰੈਜ਼ੀਡੈਂਟ ਨੇ ਆਪਣੀ ਰੀਪੋਰਟ ਵਿਚ ਲਿਖਿਆ, ਕਿ ਜੰਗ ਬਹਾਦੁਰ ਨੇ ਕੂਕਿਆਂ ਦੀ ਬਗਾਵਤ ਸਮੇਂ ਅੰਗਰੇਜ਼ਾਂ ਨੂੰ ਹਰ ਪ੍ਰਕਾਰ ਦੀ ਮਦਦ ਦੇਣ ਦੀ ਪੇਸ਼ਕਸ਼ ਕੀਤੀ ਹੈ।

Sri Satguru Jagjit Singh Ji eLibrary NamdhariElibrary@gmail.com

# ੩ ਨਜ਼ਮਾਂ

—ਆਸਫ ਸਾਹਕਾਰ

ਪਿਆਰੇ ਵੀਰ ਜਗਦੀਸ਼ ਜੀ,

ਮੁਦਤਾਂ ਪਿਛੋਂ ਤੁਹਾਡੇ ਨਾਲ ਰਾਬਤਾ ਕਰ ਰਹਿਆਂ ਵਾਂ। ਸ. ਸ. ਮੀਸ਼ਾ ਦੀ ਮੌਤ ਮਗਰੋਂ ਜਲੰਧਰ ਸ਼ਹਿਰ ਦਾ ਸੋਚ ਕੇ ਮਨ ਅੰਦਰ ਦਰਦ ਦਾ ਇਕ ਵਾ ਵਰੋਲਾ ਜਿਹਾ ਉਠਦਾ ਏ। ਪਿਛਲੇ ਦਿਨ ਕੁਝ ਲਿਖਣ ਪੜ੍ਹਣ ਨੂੰ ਮਨ ਕੀਤਾ ਤੇ ੩ ਕਵਿਤਾਵਾਂ ਲਿਖੀਆਂ—ਤੁਹਾਨੂੰ ਘਲ ਰਿਹਾ ਵਾਂ—ਵਰਿਆਮ ਵਿਚ ਛਾਪ ਦਿਆ ਜੇ—

ਤੇਰਾ ਵੀਰ
ਆਸਫ ਸ਼ਾਹਕਾਰ
—ਸਟਾਕਹੋਮ

੧

ਤੂੰ ਪੁਛਿਆ ਏ
ਕਿਉਂ ਜਿੰਦ ਨੂੰ ਜੱਫਾ ਮਾਰੀ ਬੈਠਾਂ
ਸੁਣ ਸਜਨਾਂ
ਜਿੰਦ ਤੇ ਯਾਦਾਂ ਦੀ ਇਕ ਢੇਰੀ ਨੂੰ
ਫਰੋਲੀ ਰਖਣ ਦਾ ਈ ਨਾਂਅ ਏ

੨

ਮੈਂ ਜਦ ਕਦੇ ਵੀ
ਉਸ ਤੋਂ ਪੁੱਛਿਆ
ਉਸ ਇਕੋ ਗਲ ਦੁਹਰਾਈ
ਇੰਜ ਲਗਦਾ ਏ
ਇਕ ਹਿਪਨਾਸ[1] ਏ
ਜਿਸ ਵਿਚ ਇਕ ਥੀਏਟਰ ਲਗਾ ਹੋਇਆ ਏ
ਤੇ ਇਸ ਥਈਏਟਰ ਦੀ ਸਟੇਜ ਉਤੇ
ਜੋ ਜੋ ਹੁੰਦਾ ਏ
ਉਸ ਦਾ ਹਿਸੇ ਦਾਰ ਮੈਂ ਨਹੀਂ ਆਂ
ਪਰ ਹਿੱਸਾ ਲੈਨਾ।

੩

ਉਸ ਉਚਾਈਆਂ ਵਲ ਉਂਗਲ ਕਰਕੇ ਆਖਿਆ
ਉਥੇ ਸ਼ੇਰਾਂ ਦੇ ਡੇਰੇ
ਉਥੇ ਇਕ ਨੰਗੀ ਮੁਟਿਆਰ ਨਚਦੀ ਏ
ਉਥੇ ਤਖਤ ਵੀ ਏ
ਅਤੇ ਤਲਵਾਰਾਂ ਦੀਆਂ ਝਣਕਾਰਾਂ ਵੀ
ਅਸੀਂ ਉਮਰ ਭੋਗ ਕੇ ਪੌੜੀਆਂ ਲਭੀਆਂ
ਹੁਣ ਪਤਾ ਨਹੀਂ ਲਗਦਾ
ਕਿ ਇਹ ਪੌੜੀਆਂ ਹਨ
ਕਿ ਸੀਖਾਂ ਹਨ?

1. Hypnos ਜਦ ਬੰਦਾ ਹਿਪਨਾਟਿਜ਼ਮ ਦੇ ਅਸਰ ਥੱਲੇ ਹੁੰਦਾ ਏ।

# ਪਲਕਾਂ 'ਚ ਤੈਰਦੇ ਪਲ

—ਬਲਬੀਰ ਪਰਵਾਨਾ

ਚੀਖਾਂ, ਟੁੱਟ ਭਜ ਜਾਂ ਮਲਬਾ
ਤੇ ਖੰਡਿਤ ਜਿਹਾ ਸੋਚਾਂ ਦਾ ਆਕਾਸ਼
ਹਾਦਸਿਆਂ ਦੇ ਕੁਝ ਪਲਾਂ ਦਾ ਇਤਿਹਾਸ
ਕਿ ਬਦਲ ਦੇਵੇ
ਇਕਸਾਰ ਜਹੇ ਤੁਰਦੇ ਹੋਏ ਵਰ੍ਹੇ
ਸਿਧੀਆਂ ਸਤੌਰ ਰਾਹਵਾਂ
ਤੁਰਨਾ ਲੋਚਦਾ ਮਨ
ਵੀਰਾਨ, ਉਜਾੜ, ਉਬੜ-ਖਾਬੜ ਪਗਡੰਡੀਆਂ ਤੇ
ਉਥਲ-ਪੁਥਲ ਬੇਚੈਨੀ
ਕੁਝ ਕਰ ਗੁਜ਼ਰਨ ਦਾ ਉਮਾਹ
ਕੁਝ ਵੀ—
ਹਾਂ—ਪਲਕਾਂ 'ਚ ਤੈਰਦੇ ਪਲਾਂ ਦੀ ਹੋਂਦ
ਹਾਦਸਿਆਂ ਦੀਆਂ ਸੰਭਾਵਨਾਵਾਂ 'ਤੇ ਜੀਉਂਦੀ ਹੈ
ਤੇ ਸੁਪਨਿਆਂ ਦਿਆਂ ਸਿੰਗਾਂ ਸਿਰ ਵਸਦੀ

# ਅਜਨਬੀ

—ਅਜਾਇਬ ਸਿੰਘ

ਜ਼ਰਾ ਗੋਹ ਨਾਲ ਵੇਖੋ ਖਾਂ ਕੌਣ ਹੈ ਇਹ
ਗੰਦੇ ਪੋਤੜੇ ਸਭਨਾਂ ਦੇ ਧੋਈ ਜ਼ਾਂਦੈ

ਇਹਦੀਆਂ ਅੱਖਾਂ 'ਚ ਸਦਾ ਹੀ ਰਹਿਣ ਹੰਝੂ
ਸਾਨੂੰ ਕਰਮਾਂ ਕੁਕਰਮਾਂ ਤੇ ਰੋਈ ਜਾਂਦੈ
ਬੜਾ ਘੱਟ ਬੋਲੇ ਪਰ ਜਦ ਬੋਲਦਾ ਏ
ਜਿਦਾਂ ਜੀਭ ਚੋਂ ਰਸ ਹੈ ਚੋਈ ਜਾਂਦੈ
ਸਬਕ ਪ੍ਰੇਮ ਪਿਆਰ ਦਾ ਦੇਈ ਜਾਵੇ
ਸਭ ਨੂੰ ਮਨਕਿਆਂ ਵਾਂਗ ਪਰੋਈ ਜਾਂਦੈ
ਬਿਨਾਂ ਕਹੇ ਹੀ ਸਭ ਦੀਆਂ ਸੁਣੀ ਜਾਵੇ
ਬਿਨਾਂ ਕੀਤੀਆਂ ਸਭ ਕੁਝ ਹੈ ਹੋਈ ਜਾਂਦੈ
ਇਹਨੂੰ ਕਿਸੇ ਦੇ ਨਾਲ ਨਹੀਂ ਕੋਈ ਮਤਲਬ
ਸਭ ਦੇ ਦੁਖ ਕਲੇਸ਼ ਕਿਉਂ ਢੋਈ ਜਾਂਦੈ?
ਇਹਦੇ ਤਨ ਮਨ ਖਿੜੇ ਬਗੀਚੜੇ ਨੇ
ਲੰਘੇ ਜਿਧਰੋਂ ਵੰਡੀ ਖੁਸ਼ਬੋਈ ਜਾਂਦੈ
ਕਿਤੇ ਸਾਡੇ ਵੀ ਵੇਹੜੇ 'ਚ ਪਾ ਫੇਰਾ
ਕੋਹੜੀ ਦਰ ਤੇ ਕਰੀ ਅਰਜੋਈ ਜਾਂਦੋ

ਅਸੀਸ, ਦੀ ਮਾਲ
ਕਪੂਰਥਲਾ



Sri Satguru Jagjit Singh Ji eLibrary NamdhariElibrary@gmail.com

# ਰੁਬਾਈ

—ਅਜੀਤ ਸਿੰਘ ਚੀਮਾ

ਆਤਮਾ ਪ੍ਰਮਾਤਮਾਂ ਵਿਚ ਕੰਧ ਹੈ ਤੇਰੀ ਖੁਦੀ ।
ਤੇਰੇ ਅੰਦਰ ਈਰਖਾ ਤੇ ਵੈਰ ਦੀ ਗੰਦਗੀ ਸੁਦੀ ।
ਜੇਕਰ ਇਸ ਨੂੰ ਕੱਢ ਕੇ ਦਿਲ ਸਾਫ ਕਰ ਲਏਂ ਚੀਮਿਆਂ ।
ਫੇਰ ਤੈਨੂੰ ਭਾਸਨੀ ਨਹੀਂ, ਉਸ ਤੋਂ ਸੂਰਤ ਜੁਦੀ ।
ਕੌਣ ਹੈ ਉਹ ਸੂਰਮਾਂ ਜਿਸ ਮਾਰ ਲਈ ਆਪਣੀ ਹਵਸ ।
ਕਿਸ ਖੁਦੀ ਨੂੰ ਕੈਦ ਕੀਤਾ, ਨਮ੍ਰਤਾ ਦੇ ਵਿਚ ਕਫਸ ।
ਚਾਂਦੀ ਸੋਨਾ, ਲੋਹਾ ਤਾਂਬਾ, ਮਾਰਨ ਮੁਸ਼ਕਲ ਨਹੀਂ ।
ਸਭ ਤੋਂ ਔਖਾ ਮਾਰਨਾ ਹੈ, ਚੀਮਿਆਂ ਆਪਣਾ ਨਫਸ ।
ਮੁਕ ਰਿਹਾ ਹੈ ਦਿਨ ਬਦਿਨ, ਜ਼ਿੰਦਗੀ ਦਾ ਇਹ ਸਫਰ ।
ਮੌਤ ਦੇ ਉਸ ਵਕਤ ਨੂੰ, ਨਹੀਂ ਜਾਣਦਾ ਕੋਈ ਬਸ਼ਰ ।
ਨੇਕੀ ਕਰਕੇ ਜੱਗ ਵਿਚ, ਕੁਝ ਜੱਸ ਖੱਟ ਲੈ ਚੀਮਿਆਂ ।
ਨਹੀਂ ਤਾਂ ਮਰਨ ਪਿਛੋਂ ਤੈਨੂੰ, ਕਰਨਗੇ ਲੋਕੀਂ ਨਸ਼ਰ ।
ਕੀ ਹੈ ਸਾਰ ਉਨ੍ਹਾਂ ਨੂੰ ਰੱਬ ਦੀ, ਜੋ ਮਾਰ ਘੁਰਾੜੇ ਸੁੱਤੇ ।
ਨਿਤ ਬਦੀਆਂ ਬਦਫੈਲੀ ਕਰਦੇ, ਭਾਵੇਂ ਸਿਰ 'ਚ ਵਜਣ ਜੁੱਤੇ ।
ਚੀਮਾਂ ਹੋਸ਼ ਕਰੀਂ ਕੁਝ ਸੋਚੀਂ, ਕੋਈ ਗਲਤੀ ਕਰ ਨਾ ਬੈਠੀਂ ।
ਜੇਕਰ ਦਾਮਨ ਕਾਲਾ ਹੋ ਗਿਆ, ਫਿਰ ਤੇਥੋਂ ਚੰਗੇ ਕੁੱਤੇ ।

# ਅੰਤਹ ਕਰਨ

...ਇਸ ਸਥੂਲ ਸਰੀਰ ਵਿਚ 'ਬੁਧੀ' 'ਅਹੰਕਾਰ' ਅਤੇ 'ਮਨ' ਦੇ ਮਿਲਣ ਨਾਲ 'ਅੰਤਹ ਕਰਨ' ਬਣਦਾ ਹੈ। ਅਤੇ ਮੂਲ ਰੂਪ ਵਿਚ ਇਹ ਅੰਤਹ ਕਰਨ ਹੀ ਹੈ ਜਿਸ ਦਾ ਅਮਲ ਸਤਿ ਤੇ ਅਸੱਤ ਕਰਮਾ ਦਾ ਜ਼ਿਮੇਵਾਰ ਰਹਿੰਦਾ ਹੈ। ਬੁੱਧੀ ਅਤੇ ਅਹੰਕਾਰ ਦੇ ਚੰਗੇ-ਮੰਦੇ ਦੋਵੇਂ ਅਮਲ ਹਨ ਇਹਨਾਂ ਇਹਨਾਂ ਦੋਹਾਂ ਵਿਚ 'ਮਨ' ਚੰਚਲ ਸੰਜੋਗੀ ਹੈ—ਬੁਧੀ ਨਿਰਣਾਯਕ ਹੈ ਅਤੇ ਅਹੰਕਾਰ ਕਰਮੀ ਹੈ।

ਸਤਿਗੁਰਾਂ ਨੇ ਅਹੰਕਾਰ ਨੂੰ 'ਹਉਮੈ' ਆਖਿਆ ਹੈ ਤੇ ਇਸ ਦੇ ਦੋਵੇਂ ਰੂਪ ਹੀ ਬਿਆਨ ਕੀਤੇ ਹਨ :

ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥

(ਆਸਾ ਮਹਲਾ ੧ ਆਦਿ ਗਰੰਥ ਪੰਨਾ ੪੬੬)

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ

(ਆਸਾ ਮਹਲਾ ੨, ਆਦਿ ਗਰੰਥ ਪੰਨਾ ੪੬੬)

**ਅਮਰ ਭਾਰਤੀ :**

ਪੰਨਾ ੩੯

# ਕਵਿਤਾ ਦੀ ਸੁਣੋ

—ਜਸਵੰਤ ਸਿੰਘ ਰਾਹੀ

ਪਾਣੀ ਵਿਚੋਂ ਮੱਖਣ ਹੰਗਾਲਦੇ ਹੋ ਕਿਉਂ !
ਮਦਾਰੀਓ ਜਮੂਰੇ ਤੁਸੀਂ ਪਾਲਦੇ ਹੋ ਕਿਉਂ ।
ਰੱਸੀ ਨਾਲ ਬੰਦੇ ਨੂੰ ਨਚਾਉਂਦੇ ਪਏ ਹੋ ।
ਊਠਕਾਂ ਤੇ ਬੈਠਕਾਂ ਕਢਾਉਂਦੇ ਪਏ ਹੋ ।
ਥਾਪੀ ਲਾ ਕੇ ਬੁਰਕੀ ਵਖਾਉਂਦੇ ਪਏ ਹੋ ।
ਛੂਛਕਾਂ ਦੇ ਨਾਲ ਵੀ ਡਰਾਉਂਦੇ ਪਏ ਹੋ ।
ਪਰਦੇ 'ਚੋਂ ਸੂਰਜ ਵਖਾਲਦੇ ਹੋ ਕਿਉਂ ।
ਡੰਬਰੂ ਦੇ ਨਾਲ ਬੰਸਰੀ ਵਜਾਉਂਦੇ ਹੋ ।
ਜਿਥੇ ਦਾਅ ਲੱਗੇ ਮਜਮੇ ਵੀ ਲਾਉਂਦੇ ਹੋ ।
ਜਮੂਰਿਆਂ ਦੇ ਕੋਲੋਂ ਮਰਜ਼ੀ ਕਹਾਉਂਦੇ ਹੋ ।
ਮੂੰਹ ਵਿਚ ਗੱਲ ਆਪਣੀ ਹੀ ਪਾਉਂਦੇ ਹੋ ।
ਪੀੜ੍ਹੀ ਨਿਰੀ ਆਪਣੀ ਸੰਭਾਲਦੇ ਹੋ ਕਿਉਂ ।
ਸੱਚ ਉਤੇ ਝੂਠ ਠੋਕ ਕੇ ਨਹੀਂ ਸੰਗਦੇ ।
ਜਮੂਰਿਆਂ ਦੇ ਲਹੂ ਤੋਂ ਧਰਤ ਰੰਗਦੇ ।
ਸੁਣੋ ਜ਼ਰਾ ਬੋਲ ਟੁੱਟੀ ਹੋਈ ਵੰਗਦੇ ।
ਸਫਾਂ ਪਾੜ ਕੇ ਤੇ ਸਾਂਉਂਦੇ ਹੋ ਪਲੰਘ ਤੇ ।
ਨਵੇਂ ਪਿਛਲੱਗ ਤੁਸੀਂ ਭਾਲਦੇ ਹੋ ਕਿਉਂ ।
ਪਾਣੀ ਵਿਚੋਂ ਮੱਖਣ ਹੰਗਾਲਦੇ ਹੋ ਕਿਉਂ ।

# ਸੁਤੰਤਰਤਾ

ਇਸਲਾਮ ਵਿਚ ਇਕ ਬਹੁਤ ਹੀ ਪਿਆਰੀ ਕੱਥਾ ਹੈ। ਇਕ ਵਾਰ ਮੁਹੰਮਦ ਸਾਹਿਬ ਦੇ ਚੇਲੇ ਅਲੀ ਪੁਛਦੇ ਹਨ ਕਿ ਕਰਮ ਕਰਨ ਵਿਚ ਆਦਮੀ ਸੁਤੰਤਰ ਹੈ ਜਾਂ ਪ੍ਰਤੰਤਰ। ਤਾਂ ਮੁਹੰਮਦ ਨੇ ਕਿਹਾ, "ਤੂੰ ਪਹਿਲਾਂ ਇਕ ਪੈਰ ਚੁਕ ।" ਅਲੀ ਵਿਚਾਰਾ ਖੱਬਾ ਪੈਰ ਚੁਕ ਕੇ ਖੜਾ ਹੋ ਗਿਆ। ਮੁਹੰਮਦ ਸਾਹਿਬ ਨੇ ਕਿਹਾ, "ਹੁਣ ਤੂੰ ਸੱਜਾ ਪੈਰ ਵੀ ਚੁਕ ਲੈ।" ਅਲੀ ਨੇ ਕਿਹਾ, ਇਹ ਤੁਸੀਂ ਕੀ ਕਹਿ ਰਹੇ ਹੋ। ਤਾਂ ਮੁਹੰਮਦ ਨੇ ਕਿਹਾ, "ਜੇ ਤੂੰ ਚਾਹੁੰਦਾ ਤਾਂ ਪਹਿਲਾਂ ਸਜਾ ਪੈਰ ਚੁਕ ਸਕਦਾ ਸੀ। ਹੁਣ ਨਹੀਂ ਚੁਕ ਸਕਦਾ। ਇਕ ਪੈਰ ਚੁਕਣ ਲਈ ਆਦਮੀ ਹਮੇਸ਼ਾ ਸੁਤੰਤਰ ਹੈ। ਪਰ ਇਕ ਪੈਰ ਚੁਕਦੇ ਹੀ ਦੂਸਰਾ ਪੈਰਬੱਝ ਜਾਂਦਾ ਹੈ। ਇਹੋ ਹੀ ਆਦਮੀ ਦੀਆਂ ਹੱਦਾਂ ਹਨ। ਹੱਦਾਂ ਦੇ ਅੰਦਰ ਰਹਿੰਦਿਆਂ ਸੁਤੰਤਰਤਾ ਹੈ। ਸੁਤੰਤਰਤਾ ਹੱਦਾਂ ਤੋਂ ਬਾਹਰ ਨਹੀਂ ਹੈ।

ਸ. ਮ.



Sri Satguru Jagjit Singh Ji eLibrary NamdhariElibrary@gmail.com

# ਭੈਣੀ ਸਾਹਿਬ ਵਿਚ ਸ਼ਹੀਦੀ ਮੇਲਾ

੧੫ ਸਤੰਬਰ ਸੰਨ ੧੮੭੨ ਨੂੰ ਸ੍ਰੀ ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਸਰੋਵਰ ਦੀ ਪਵਿਤ੍ਰਤਾ ਅਤੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਨੂੰ ਭਖਾਉਣ ਵਾਸਤੇ ਅੰਗਰੇਜ਼ ਹਕੂਮਤ ਨੂੰ ਸਿਧੀ ਚਨੌਤੀ ਦਿੰਦੇ ਚਾਰ ਸਿੰਘ ਫਾਸੀਆਂ ਤੇ ਲਟਕ ਗਏ ਸਨ। ਦਰਬਾਰ ਸਾਹਿਬ ਨਾਲ ਘੰਟਾ ਘਰ ਕੋਲ ਖੁਲ੍ਹੇ ਬੁਚੜ-ਖਾਨੇ 'ਚੋਂ ਗਊਆਂ ਆਜ਼ਾਦ ਕਰਵਾ ਕੇ ਬੁਚੜਾਂ ਨੂੰ ਸੋਧ ਕੇ ਫਰਾਰ ਹੋਣ ਵਾਲੇ ਸਿੰਘਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਆਦੇਸ਼ਾਂ ਤੇ ਆਪ ਜੱਜ ਦੇ ਸਾਹਮਣੇ ਪੇਸ਼ ਹੋ ਕੇ ਜੁਰਮ ਕਬੂਲ ਕਰਕੇ ਸਬੂਤ ਪੇਸ਼ ਕਰਕੇ ਰਾਮ ਬਾਗ ਬੋਹੜ ਵਿਚ ਖੁਲ੍ਹੇ ਆਮ ਲਗੀਆਂ ਫਾਸੀਆਂ ਦੇ ਰਸੇ ਆਪ ਆਪਣੇ ਗਲਾਂ ਵਿਚ ਪਆਏ ਸਨ। ਸ਼ਹੀਦ, ਲਹਿਣਾ ਸਿੰਘ, ਫ਼ਤਹਿ ਸਿੰਘ, ਹਾਕਮ ਸਿੰਘ, ਬੀਹਲਾ ਸਿੰਘ ਦੀ ਅਦੁਤੀ ਸ਼ਹੀਦੀ ਦੀ ਸ਼ਾਹਦੀ ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨੇ ਇਹਨਾਂ ਸ਼ਬਦਾਂ ਵਿਚ ਭਰੀ ਹੈ :

ਹਿੰਮਤ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ,
ਬੂਚੜ ਬਿਦਾਰੇ ਹਤਯਾਰੇ ਬਹੁ ਠੌਰ ਪੈ—
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ
ਅੰਗਰੇਜ਼ੋ ਗਹਿ ਕੈ ਦੁਖਯਾਰੇ ਕੀਨੇ ਗੌਰ ਪੈ
ਦੇਨ ਲਗੇ ਫਾਂਸੀ ਜਬਿ ਆਦਿ ਖੁਦ ਕੂਕੇ ਤਥਿ
ਕਾਤਲ ਸਬੂਤ ਆਪਿ ਗੀਏ ਸਭਿ ਤੌਰ ਪੈ
ਖੁਸੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ,
ਕੋਟਲੇ ਮਲੇਰ ਫੇਰ ਸਾਕਾ ਭਯੋ ਔਰ ਹੈ।

(ਤਦ ਨਾਮਧਾਰੀ ਸਿੰਘਾਂ ਨੇ ਹਿੰਮਤ ਕਰ ਲੱਕ ਬੰਨ ਕੇ ਕਈ ਥਾਵਾਂ ਤੇ ਹਤਿਆਰੇ ਬੁਚੜਾਂ ਨੂੰ ਮਾਰ ਦਿਤਾ। ਸ੍ਰੀ ਅੰਮ੍ਰਿਤਸਰ ਆਦਿਕ ਥਾਵਾਂ ਦੇ ਨਾਮੀ ਗ੍ਰਾਮੀ ਹਿੰਦੂਆਂ ਨੂੰ ਅੰਗਰੇਜ਼ਾਂ ਨੇ ਫੜ ਕੇ ਬਹੁਤ ਦੁਖੀ ਕੀਤਾ। ਜਦੋਂ ਸਰਕਾਰ ਉਹਨਾਂ ਫੜੇ ਹੋਏ ਲੋਕਾਂ ਨੂੰ ਫਾਂਸੀ ਦੇਣ ਲਗੀ ਤਦ ਕੂਕੇ ਖੁਦ ਆਪ ਆਏ। ਉਹਨਾਂ ਨੇ ਹਰ ਤਰ੍ਹਾਂ ਦੇ ਕਤਲ ਦੇ ਸਬੂਤ ਪੇਸ਼ ਕੀਤੇ। ਉਹ ਖੁਸ਼ੀ ਖੁਸ਼ੀ ਆਪਣੇ ਸੀਸ ਦੇ ਕੇ ਦੇਵ ਲੋਕ ਨੂੰ ਚਲੇ ਗਏ। ਇਸ ਤੋਂ ਬਾਅਦ ਮਾਲੇਰਕੋਟਲੇ ਵਿਚ ਹੋਰ ਸਾਕਾ ਵਰਤ ਗਿਆ।)

ਇਸ ਸਾਕੇ ਵਿਚੋਂ ਇਕ ਬਹੁਤ ਮਾਅਰਕੇ ਦੀ ਗਲ ਨਿਤਰ ਕੇ ਆਉਂਦੀ ਹੈ। ਨਿਰਦੋਸ਼ਾਂ ਦੇ ਗਲਾਂ 'ਚੋਂ ਫਾਂਸੀ ਦਾ ਫੰਧਾ ਉਤਾਰਨਾ। ਸਤਿਗੁਰੂ ਰਾਮ ਸਿੰਘ ਜੀ ਦੀ ਧਰਮ ਅਤੇ ਸੱਚ ਦੀ ਆਵਾਜ਼ ਦੀ ਸਿਰਬੁਲੰਦੀ। ਜੇ ਕਰਮ ਆਪ ਕੀਤਾ ਹੈ ਤਾਂ ਉਸ ਦੀ ਸਜ਼ਾ ਦੂਸਰੇ ਨੂੰ ਨਹੀਂ ਦੇਣ ਦੇਣੀ ਜੇ ਬੀਜ ਬੀਜਿਆ ਹੈ ਤਾਂ ਫਲ ਵੀ ਆਪ ਲੈਣਾ ਹੈ। ਨਾਮਧਾਰੀ ਸਿਖਾਂ ਦੇ ਸਦਾਚਾਰ ਦੀ, ਇਖਲਾਕ ਦੀ ਬਹੁਤ ਉਚੀ ਤਸਵੀਰ ਪੇਸ਼ ਕਰਦਾ ਹੈ ਇਹ ਸਾਕਾ।

ਕੁਝ ਸਮੇਂ ਤੋਂ ਇਹਨਾਂ ਸ਼ਹੀਦਾਂ ਦੀ ਯਾਦ ਵਿਚ ਸਾਲਾਨਾ ਮੇਲੇ ਦੀ ਸੇਵਾ ਸ਼ਹੀਦ ਲਹਿਣਾ ਸਿੰਘ ਦੇ ਵੰਜਸ਼ ਸੰਤ ਦਲੀਪ ਸਿੰਘ ਪੰਨਵ ਦਿਲੀ ਵਾਲੇ ਕਰਵਾ ਰਹੇ ਹਨ। ਇਸ ਵਾਰ ਉਹਨਾਂ ਵਲੋਂ ਬੇਨਤੀ ਕਰਨ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਸ਼ਹੀਦੀ ਮੇਲਾ ੨੮-੨੯-੩੦ ਸਤੰਬਰ ਨੂੰ ਸ੍ਰੀ ਭੈਣੀ ਸਾਹਿਬ ਵਿਚ ਕਰਨ ਦੀ ਆਗਿਆ ਕੀਤੀ। ਚਲਦੇ ਸਾਲਾਨਾ ਜੱਪ ਪਰਯੋਗ ਵਿਚ ਇਹ ਮੇਲਾ ਹੋਰ ਵੀ ਰੌਣਕ ਭਰਪੂਰ ਹੋ ਗਿਆ। ਰਾਗੀ ਸਿੰਘਾਂ ਦੇ ਦੀਵਾਨ, ਹੱਲੇ ਦੇ ਨਿਰੰਤਰ ਦੀਵਾਨ ਕਥਾ ਕੀਰਤਨ ਅਤੇ ਵਿਖਿਆਨਾਂ ਦਾ ਸਿਲਸਲਾ ਚਲਦਾ ਰਿਹਾ। ਪੰਡਿਤ ਗੋਪਾਲ ਸਿੰਘ ਜੀ, ਜਥੇਦਾਰ ਗਿਆਨ ਸਿੰਘ ਜਥੇਦਾਰ ਨਿਰੰਜਣ ਸਿੰਘ, ਗੁਰਬਚਨ ਸਿੰਘ ਚਰਾਂਦ, ਜ: ਅਜੀਤ ਸਿੰਘ ਬਟਾਲਾ, ਸੂਬਾ ਮੇਲਾ ਸਿੰਘ, ਜ. ਇਕਬਾਲ ਸਿੰਘ ਆਦਿਕ ਜਥੇਦਾਰਾਂ ਦੇ ਦੀਵਾਨ ਲਗੇ। ਰਾਗੀਆਂ ਵਿਚ, ਸੰਤ ਖਜ਼ਾਨ ਸਿੰਘ, ਹਰਬੰਸ ਸਿੰਘ, ਮੋਹਨ ਸਿੰਘ, ਸੁਖਦੇਵ ਸਿੰਘ, ਬਲਜੀਤ ਸਿੰਘ, ਸ਼ੇਰ ਸਿੰਘ ਅਤੇ ਸਾਥੀਆਂ ਨੇ ਕੀਰਤਨ ਕੀਤਾ।

ਸੰਤ ਦਲੀਪ ਸਿੰਘ ਪੰਨਵ ਅਤੇ ਪਰਿਵਾਰ ਨੇ ਲੰਗਰ ਪਾਣੀ ਕੜਾਹ ਪ੍ਰਸ਼ਾਦਿ ਦੀ ਖੁਲ੍ਹੀ ਸੇਵਾ ਕੀਤੀ। ਸ. ਹਰਵਿੰਦਰ ਸਿੰਘ, ਹੰਸਪਾਲ ਐਮ. ਪੀ, ਮਾਸਟਰ ਨਿਹਾਲ ਸਿੰਘ ਜੀ ਪੰਥ ਰਤਨ, ਸੰਤ ਸਾਧਾ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਦਿਲੀ, ਸ. ਸੇਵਾ ਸਿੰਘ ਨਾਮਧਾਰੀ ਏਜੰਸੀਜ਼ ਅਤੇ ਹੋਰ ਸੰਗਤਾਂ ਦਿਲੀ ਤੋਂ ਪੁੱਜੀ ਹੋਈ ਸੀ।

---

### ਕਹਾਵਤ ਹੈ

ਬਹਾਦਰ ਆਦਮੀ ਜਾਂ ਕਾਠੀ ਉਤੇ ਹੁੰਦਾ ਹੈ ਜਾਂ ਜ਼ਮੀਨ ਹੇਠਾਂ।

ਨਰੋਲ ਸ਼ਬਦ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਇਹ ਇਹਨਾਂ ਕਈ ਚੀਜ਼ਾਂ ਵਿਚੋਂ ਕੁਝ ਵੀ ਹੋ ਸਕਦਾ ਹੈ।

ਲਾਅਨਤ, ਵਧਾਈ, ਸੁੰਦਰਤਾ, ਦਰਦ, ਚਿਕੜ, ਫੁੱਲ, ਠਝੂ, ਸੱਚ, ਚਾਨਣ, ਹਨੇਰਾ।

ਜਿਹੜਾ ਵੀ ਕੋਈ ਬਿਨਾਂ ਬੋਲੀ ਜਾਣਿਆਂ ਕਵਿਤਾ ਲਿਖਣ ਦੀ ਹਿੰਮਤ ਕਰਦਾ ਹੈ ਉਹ ਉਸ ਪਾਗਲ ਵਾਂਗ ਹੈ ਜਿਹੜਾ ਹੜ ਆਏ ਦਰਿਆ ਵਿਚ ਛਾਲ ਕਦ ਮਾਰਦਾ ਹੈ, ਪਰ ਤਰਨਾ ਨਹੀਂ ਜਾਣਦਾ।

ਰਸੂਲ ਹਮਜ਼ਾਤੋਵ

Sri Satguru Jagjit Singh Ji eLibrary NamdhariElibrary@gmail.com

# ਆਪਣਾ ਹੀ ਰਿਕਾਰਡ ਭੰਜਕ : ਬੁਬਕਾ

—ਜਸਪਾਲ ਸ਼ਤਰਾ

ਖੇਡ ਜਗਤ ਵਿਚ ਜੋ ਮੁਕਾਮ ਸੋਵੀਅਤ ਯੂਨੀਅਨ ਦੇ ਸਰਗੇਈ ਬੁਬਕਾ ਨੂੰ ਹਾਸਲ ਹੋ ਚੁੱਕਾ ਹੈ ਉਹ ਇਸ ਤੋਂ ਪਹਿਲਾਂ ਕਿਸੇ ਵੀ ਹੋਰ ਖਿਡਾਰੀ ਨੂੰ ਨਹੀਂ ਹੋਇਆ। ਖੇਡ ਅੰਬਰ ਉਤੇ ਹੁਣ ਤਕ ਸਿਤਾਰੇ ਬੜੇ ਹੀ ਚਮਕੇ ਹਨ ਅਤੇ ਅਸਮਾਨ 'ਚੋਂ ਟੁਟਦੇ ਤਾਰਿਆਂ ਵਾਂਗ ਆਪਣੀ-ਆਪਣੀ ਚਮਕ-ਦਮਕ ਦਿਖਾ ਕੇ ਅਲੋਪ ਹੁੰਦੇ ਰਹੇ ਹਨ। ਕਈਆਂ ਦੀ ਚਮਕ ਅਜਿਹੀ ਸੀ ਕਿ ਉਹਨਾਂ ਦੀ ਯਾਦ ਸਾਡੇ ਜ਼ਿਹਨਾ ਵਿਚ ਹੁਣ ਤਕ ਜਗਮਗ-ਜਗਮਗ ਕਰ ਰਹੀ ਹੈ। ਕਈ ਹੋਰ ਮਨ ਜਿਹਨਾਂ ਦੀਆਂ ਖੇਡ ਪ੍ਰਾਪਤੀਆਂ ਦੀ ਖੁਸ਼ਬੋ ਸਮਾਂ ਬੀਤਣ ਨਾਲ ਬੜੀ ਹੀ ਫਿਕੀ ਪੈ ਗਈ ਅਤੇ ਅਨੇਕਾਂ ਅਜਿਹੇ ਹਨ ਜਿਹਨਾਂ ਨੂੰ ਪੂਰੀ ਤਰ੍ਹਾਂ ਅਸੀਂ ਭੁਲ ਭੁਲਾ ਗਏ ਹਾਂ, ਪਰ ਸਰਗੇਈ ਬਾਰੇ ਹੁਣ ਤੋਂ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਉਸ ਨੇ ਆਪਣੀ ਥਾਂ ਅਜਿਹੀ ਉੱਚੀ ਟੀਸੀ ਉਤੇ ਬਣਾ ਲਈ ਹੈ ਕਿ ਸਮੇਂ ਦੀ ਕੰਨੀ ਜਿਨ੍ਹੀ ਮਰਜ਼ੀ ਹੈ ਖਿਸਕ ਲਵੇ, ਉਸ ਨੂੰ ਭੁਲਾਇਆ ਨਹੀਂ ਜਾ ਸਕਦਾ।

ਸੰਸਾਰ ਪਧਰ ਉਤੇ ਖੇਡਾਂ ਵਿਚ ਮੁਕਾਬਲਾ ਐਨਾ ਤਿੱਖਾ ਹੈ ਕਿ ਜੇ ਕੋਈ ਖਿਡਾਰੀ ਅਜ ਰਿਕਾਰਡ ਬਣਾਉਂਦਾ ਹੈ ਅਤੇ ਦੂਜੇ ਦਿਨ ਹੀ ਕੋਈ ਹੋਰ ਮਾਈ ਦਾ ਲਾਲ ਉਸ ਨੂੰ ਆ ਵੰਗਾਰਦਾ ਹੈ ਅਤੇ ਉਸ ਦਾ ਰਿਕਾਰਡ ਤੋੜ ਕੇ ਆਪਣੇ ਨਾਂ ਕਰਵਾ ਲੈਂਦਾ ਹੈ। ਸੰਸਾਰ ਪਧਰ ਉਤੇ ਖੇਡਾਂ ਵਿਚ ਸਖਤ ਮੁਕਾਬਲੇ ਕਾਰਨ ਤਿਲਕਣਬਾਜ਼ੀ ਐਨੀ ਹੈ ਕਿ ਕੋਈ ਵੀ ਖਿਡਾਰੀ ਭਾਵੇਂ ਕਿ ਉਹ ਕਿਨਾ ਹੀ ਤਕੜਾ ਕਿਉਂ ਨਾ ਹੋਵੇ ਇਸ ਤਿਲਕਣਬਾਜ਼ੀ ਵਿਚ ਜ਼ਿਆਦਾ ਦੇਰ ਪਕੇ ਪੈਰੀਂ ਨਹੀਂ ਖੜ੍ਹ ਸਕਦਾ। ਇਸ ਤਿਲਕਣਬਾਜ਼ੀ ਵਿਚ ਸਰਗੇਈ ਬੁਬਕਾ ਨੇ ਆਪਣੇ ਪੈਰ ਜਮਾ ਹੀ ਨਹੀਂ ਲਏ ਸਗੋਂ ਅੰਗਦ ਵਾਂਗ ਐਨੇ ਪੱਕੇ ਕੀਤੇ ਹਨ ਕਿ ਕੋਈ ਮਾਈ ਦਾ ਲਾਲ ਉਸ ਨੂੰ ਪੋਲ ਵਾਲਟ (ਬਾਂਸ ਦੀ ਮਦਦ ਨਾਲ ਲਾਈ ਜਾਣ ਵਾਦੀ ਉੱਚੀ ਛਾਲ) ਵਿਚ ਹਰਾਉਣ ਦੇ ਨੇੜੇ ਤੇੜੇ ਵੀ ਨਹੀਂ ਅਪੜ ਰਿਹਾ।

ਸੁਣਨ ਵਿਚ ਭਾਵੇਂ ਇਹ ਗਲ ਬੜੀ ਅਜੀਬ ਲਗੇ ਪਰ ਇਹ ਗਲ ਸੋਲਾਂ ਆਨੇ ਸੱਚ ਹੈ ਕਿ ਪਿਛਲੇ ੮-੯ ਸਾਲਾਂ ਤੋਂ ਸਰਗੇਈ ਆਪਣਾ ਮੁਕਾਬਲਾ ਆਪ ਹੀ ਕਰ ਰਿਹਾ ਹੈ। ਉਹ ਜਿਹੜੇ ਵੀ ਸੰਸਾਰ ਪਧਰ ਦੇ ਖੇਡ ਮੁਕਾਬਲੇ ਵਿਚ ਸ਼ਾਮਲ ਹੁੰਦਾ ਹੈ ਉਸ ਦਾ ਨਿਸ਼ਾਨਾ ਦੂਜੇ ਖਿਡਾਰੀਆਂ ਨੂੰ ਪਛਾੜਨਾ ਨਹੀਂ ਸਗੋਂ ਆਪਣੇ ਹੀ ਸੰਸਾਰ ਰਿਕਾਰਡ ਨੂੰ ਤੋੜ ਕੇ ਨਵੇਂ ਸਿਰਿਉਂ ਸਥਾਪਤ ਕਰਨਾ ਹੁੰਦਾ ਹੈ।

[illegible] ਸਰਗੇਈ ਬੁਬਕਾ ਆਪਣੇ ਹੀ ਸੰਸਾਰ ਰਿਕਾਰਡ ਨੂੰ ੩੦ ਤੋਂ ਵਧ ਵਾਰੀ ਤੋੜ ਚੁੱਕਿਆ ਹੈ। ਕਈ ਵਾਰੀ ਤਾਂ ਉਹ ਕੋਈ ਮਹੀਨਾ ਸੁੱਕਾ ਨਹੀਂ ਜਾਣ ਦਿੰਦਾ ਜਿਸ ਵਿਚ ਉਹ ਸੰਸਾਰ ਰਿਕਾਰਡ ਨਾ ਤੋੜੇ।

ਸਰਗੇਈ ਬੁਬਕਾ ਹੁਣ ਤਕ ੬ ਮੀਟਰ ਅਤੇ ੧੦ ਸੈਂਟੀਮੀਟਰ ਉੱਚੀ ਛਾਲ ਖੁਲੇ ਅਸਮਾਨ (ਆਊਟ ਡੋਰ) ਵਿਚ ਲਾ ਚੁਕਿਆ ਹੈ ਅਤੇ ਛੱਤ ਵਾਲੇ ਮੈਦਾਨ (ਇਨਡੋਰ) ਵਿਚ ਉਸ ਦੀ ਛਾਲ ਦਾ ਰਿਕਾਰਡ ਇਸ ਨਾਲੋਂ ਵੀ ਵਧ ੬ ਮੀਟਰ ੧੨ ਸੈਂਟੀਮੀਟਰ ਦਾ ਹੈ। ੬ ਮੀਟਰ ੧੦ ਸੈਂਟੀ-ਮੀਟਰ ਦੀ ਉਚਾਈ ਥੋੜੀ ਨਹੀਂ ਹੁੰਦੀ। ਕਿਆਸ ਕਰੋ ਕਿ ਅਜ ਕਲ ਦੇ ਛੋਟੇ ਕੋਠਿਆਂ ਨੂੰ ਜੇ ਇਕ ਦੂਜੇ ਦੇ ਉਤੇ ਖੜਾ ਵੀ ਕਰ ਲਿਆ ਜਾਵੇ ਤਾਂ ਬੁਬਕਾ ਛਾਲ ਮਾਰ ਕੇ ਇਸ ਉਤੇ ਵੀ ਜਾ ਚੜੇਗਾ।

ਸਰਗੇਈ ਸੋਵੀਅਤ ਯੂਨੀਅਨ ਦੇ ਇਕ ਸੂਬੇ ਯੂਕਰੇਨ ਦਾ ਜੰਮਪਲ ਹੈ। ਉਸ ਦੀ ਉਮਰ ਅਠਾਈਆਂ ਨੂੰ ਪੁਜ ਚੁਕੀ ਹੈ। ਸ਼ੁਹਰਤ ਦੇ ਇਸ ਆਲਮ ਉਤੇ ਪੁਜ ਕੇ ਵੀ ਸਰਗੇਈ ਨੇ ਆਪਣੀ ਮਿੱਟੀ ਨਾਲ ਮੋਹ ਨਹੀਂ ਤਿਆਗਿਆ। ਉਹ ਆਪਣੀ ਧਰਤੀ, ਆਪਣੇ ਲੋਕਾਂ ਨੂੰ ਪਿਆਰ ਕਰਦਾ ਹੈ।

ਜਦੋਂ ਕਈ ਵਾਰੀ ਸਰਗੇਈ ਨੂੰ ਸੁਆਲ ਕੀਤਾ ਜਾਂਦਾ ਹੈ ਉਸ ਨੇ ਆਪਣੀ ਛਾਲ ਲਈ ਹਦ ਕਿਹੜੀ ਨਿਸਚਤ ਕੀਤੀ ਹੈ ਤਾਂ ਉਹ ਮੁਸਕਰਾ ਕੇ ਜਵਾਬ ਦਿੰਦਾ ਹੈ। "ਮੈਨੂੰ ਆਸ ਹੈ ਕਿ ਮੈਂ ਆਪਣੇ ਰਿਕਾਰਡ ਨੂੰ ੬ ਮੀਟਰ ੩੦ ਸੈਂਟੀ-ਮੀਟਰ ਤਕ ਲੈ ਜਾਵਾਂਗਾ" ਸਰਗੇਈ ਬਾਰੇ ਇਹ ਵੀ ਮਸ਼ਹੂਰ ਹੈ ਕਿ ਉਹ ਖੇਡ ਦਰਸ਼ਕਾਂ ਦੇ ਦਿਲਾਂ ਉਤੇ ਰਾਜ ਕਰਨ ਦੀ ਘੁੰਡੀ ਨੂੰ ਜਾਣਦਾ ਹੈ। ਇਸ ਕਰਕੇ ਉਹ ਆਪਣੇ ਸੰਸਾਰ ਰਿਕਾਰਡ ਨੂੰ ਇਕ-ਇਕ ਦੋ-ਦੋ ਸੈਂਟੀਮੀਟਰ ਕਰਕੇ ਉਤਾਂਹ ਨੂੰ ਚੁਕਦਾ ਹੈ ਤਾਂ ਕਿ ਉਹਹਰ ਵਾਰੀ ਦਰਸ਼ਕਾਂ ਨੂੰ ਕੁਝ ਨਵਾਂ ਦੇ ਸਕੇ। ਇਕ ਵਾਰੀ ਇਸ ਸੰਬੰਧੀ ਇਕ ਪਤਰਕਾਰ ਨੇ ਸਰਗੇਈ ਨੂੰ ਸੁਆਲ ਕੀਤਾ ਕਿ ਜਦੋਂ ਉਸ ਵਿਚ ਸਮਰਥਾ ਹੈ ਤਾਂ ਉਹ ਇਕ ਵਾਰੀ ਜ਼ੋਰ ਮਾਰ ਕੇ ਸੰਸਾਰ ਰਿਕਾਰਡ ਨੂੰ ਐਨਾ ਉਚਾ ਕਿਉਂ ਨਹੀਂ ਸਥਾਪਤ ਕਰ ਦਿੰਦਾ ਕਿ ਦੁਨੀਆਂ ਬਿਲਕੁਲ ਉਸੇ ਤਰ੍ਹਾਂ ਦੰਗ ਰਹਿ ਜਾਵੇ ਜਿਸ ਤਰ੍ਹਾਂ ਅਮਰੀਕਾ ਦੀ ਬਾਬ ਬੀਮਾਨ ਦੀ ਲੰਮੀ ਛਾਲ ਤੋਂ ਬਾਦ ਰਹਿ ਗਈ ਸੀ। ਇਸ ਸੁਆਲ ਜਵਾਬ ਵਿਚ ਸਰਗੇਈ ਨੇ ਕਿਹਾ "ਜੇ ਮੈਂ ਬੀਮਾਨ ਦੀ ਤਰ੍ਹਾਂ ਆਪਣੇ ਅੰਦਰਲਾ ਸਭ ਕੁਝ ਇਕੋ ਵਾਰੀ ਉਗਲੱਛ ਦਿਆਂ ਤਾਂ ਮੈਨੂੰ ਉਸ ਤੋਂ ਬਾਅਦ ਖੇਡਾਂ ਤੋਂ ਕਿਨਾਰਾ ਕਸ਼ੀ ਕਰਨੀ ਪਵੇਗੀ ਕਿਉਂਕਿ ਉਸ ਤੋਂ ਬਾਅਦ ਮੇਰੇ ਕੋਲ ਖੇਡ ਪ੍ਰੇਮੀਆਂ ਨੂੰ ਦੇਣ ਲਈ ਕੁਝ ਨਹੀਂ ਹੋਵੇਗਾ ਪਰ ਮੈਂ ਅਜਿਹਾ ਨਹੀਂ ਕਰਨਾ ਚਾਹੁੰਦਾ।" ਇਸ ਲਈ ਬੁਬਕਾ ਆਪਣੀ ਲੋਕ-ਪ੍ਰਿਯਤਾ ਨੂੰ ਇਕੋ ਵਾਰੀ ਡੀਕ ਕੇ ਨਹੀਂ ਬਲਕਿ ਘੁੱਟਾਂ-ਵਟੀਂ ਪੀਣਾ ਲੋੜਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸੂਫ਼ੀ ਕਵਿਤਾ ਬਾਰੇ ਟੀ.ਵੀ. ਸੀਰੀਅਲ

# ਸਰਘੀ ਦੇ ਸਾਏ

'ਸਰਘੀ ਦੇ ਸਾਏ' 'ਸੂਰਜ ਦੇ ਸਿਰਨਾਵੇਂ' ਤੋਂ ਪਿਛੋਂ ਪੰਜਾਬੀ ਕਵਿਤਾ ਬਾਰੇ ਦੂਸਰਾ ਟੀ. ਵੀ. ਸੀਰੀਅਲ ਹੈ। ਪਹਿਲਾ ਸੀਰੀਅਲ ਗੁਰਬਾਣੀ ਦੇ ਬਾਰੇ 'ਚ ਸੀ ਜਦੋਂ ਕਿ 'ਸਰਘੀ ਦੇ ਸਾਏ' ਪੰਜਾਬੀ ਦੀ ਸੂਫ਼ੀ ਕਵਿਤਾ, ਸੂਫ਼ੀ ਕਵੀਆਂ ਦੇ ਜੀਵਨ ਵੇਰਵਿਆਂ ਬਾਰੇ ਹੈ।

ਬਾਰਵੀਂ ਸਦੀ ਤੋਂ ਸ਼ੁਰੂ ਹੋ ਕੇ ਅਠਾਰਵੀ ਸਦੀ ਤੱਕ ਅਣਗਿਣਤ ਸੂਫ਼ੀ ਕਵੀਆਂ ਨੇ ਪੰਜਾਬੀ ਸ਼ਾਇਰੀ ਦੀ ਇਸ ਅਮੀਰ ਪਰੰਪਰਾ 'ਚ ਹਿਸਾ ਪਾਇਆ ਹੈ ਭਾਵੇਂ ਕਿ ਇਹਨਾਂ ਚੋਂ ਕੁਝ ਕੁ ਗਿਣਤੀ ਦੇ ਉਭਰਵੇਂ ਕਵੀਆਂ ਨੂੰ ਅਸੀਂ ਜਾਣਦੇ ਹਾਂ, ਤੇ ਉਹਨਾਂ ਦੇ ਵੀ ਕੁਝ ਗਿਣਤੀ ਦੇ ਸ਼ੇਅਰਾਂ ਨੂੰ ਬਾਕੀ ਸਭ ਕੁਝ ਖੋਜ ਪੁਸਤਕਾਂ 'ਚ ਠੱਪ ਹੋਇਆ ਪਿਆ ਹੈ।

ਤੇ ਇਸ ਸ਼ਾਇਰੀ ਨੂੰ ਆਮ ਲੋਕਾਂ ਤੱਕ ਖੜਨ ਦੇ ਉਦੇਸ਼ ਨਾਲ ਜਲੰਧਰ ਟੀ. ਵੀ. ਵਲੋਂ ਸ਼ੁਰੂ ਕੀਤਾ ਗਿਆ ਹੈ ਸੀਰੀਅਲ 'ਸਰਘੀ ਦੇ ਸਾਏ'। ਇਸ ਸੀਰੀਅਲ ਅਧੀਨ ਹੁਣ ਤੱਕ ਸੇਖ ਫਰੀਦ, ਸ਼ਾਹ ਹੁਸੈਨ, ਬੁਲੇਸ਼ਾਹ, ਸੁਲਤਾਨ ਆਹੂ, ਹਾਫ਼ਿਜ਼ ਬਰਖੁਰਦਾਰ ਅਤੇ ਅਲੀ ਹੈਦਰ ਕਵੀਆਂ ਦੀ ਕਵਿਤਾ ਤੇ ਉਹਨਾਂ ਦੇ ਜੀਵਨ ਨੂੰ ਪੇਸ਼ ਕੀਤਾ ਜਾ ਚੁਕਿਆ ਹੈ। ਜਨਵਰੀ ੧੯੯੧ ਤੋਂ ਸ਼ੁਰੂ ਹੋਏ ਇਸ ਸੀਰੀਅਲ ਬਾਰੇ ਦਸਦਿਆਂ ਸਤਨਾਮ ਚਾਨਾ ਨੇ ਕਿਹਾ, "ਇਸ ਸੀਰੀਅਲ ਅਧੀਨ ਸਾਡੀ ਹਾਮਿਦ ਅਬਾਸੀ, ਮੁਕਬਲ, ਮੀਆਂ ਬਖਸ, ਪੀਲੂ, ਅਹਿਮਦਯਾਰ, ਵਾਰਿਸ ਸ਼ਾਹ, ਨੌਰੋਜ਼, ਗੁਲਾਮ ਫਰੀਦ ਆਦਿ ਸੂਫ਼ੀ ਸਾਹਿਤ ਸੰਸਾਰ ਦੇ ਚਰਚਿਤ ਕਵੀਆਂ ਨੂੰ ਪੇਸ਼ ਕਰਨ ਦੀ ਯੋਜਨਾ ਹੈ।

ਹੁਣ ਤੱਕ ਇਸ ਸੀਰੀਅਲ 'ਚ ਯੱਸ਼ ਸ਼ਰਮਾ, ਭਾਜੀ ਗੁਰਸ਼ਰਨ ਸਿੰਘ, ਅਸ਼ੋਕ ਖੋਸਲਾ, ਸਰਿਤਾਂ ਤਿਵਾੜੀ, ਰਾਧਾ ਤ੍ਰਿਪਾਠੀ, ਅਮਰ ਨੂਰੀ ਆਦਿ ਪੰਜਾਬੀ ਫਿਲਮ ਤੇ ਰੰਗਮੰਚ ਜਗਤ ਤੇ ਪ੍ਰਸਿਧ ਅਦਾਕਾਰ ਹਿਸਾ ਲੈ ਚੁਕੇ ਹਨ। ਡੀ. ਡੀ. ਸਵਿਤੋਜ ਨੇ ਦਸਿਆ, "ਆਉਣ ਵਾਲੀਆਂ ਕਿਸ਼ਤਾਂ 'ਚ ਅਸੀਂ ਪੰਜਾਬੀ ਰੰਗਮੰਚ ਤੇ ਫਿਲਮਾਂ ਨਾਲ ਜੁੜੀਆਂ ਹੋਈਆਂ ਪ੍ਰਸਿਧ ਅਦਾਕਾਰ ਸਖਸੀਅਤਾਂ ਨੂੰ ਪੇਸ਼ ਕਰਨ ਦਾ ਯਤਣ ਕਰਾਂਗੇ। ਸਾਡੀ ਇਹ ਕੋਸ਼ਿਸ਼ ਹੋਵੇਗੀ ਕਿ ਇਸ ਸੀਰੀਅਲ ਰਾਹੀਂ ਸੂਫ਼ੀ ਕਵਿਤਾ ਅਤੇ ਸੂਫ਼ੀ ਕਵੀਆਂ ਨੂੰ ਆਮ ਲੋਕਾਂ ਤੱਕ ਪਹੁੰਚਾ ਸਕੀਏ"।

ਇਸ ਸੀਰੀਅਲ ਵਿਚ ਸੂਫ਼ੀ ਕਵਿਤਾ ਅਤੇ ਸੂਫ਼ੀ ਕਵੀਆਂ ਦੀ ਜ਼ਿੰਦਗੀ ਨੂੰ ਇੰਜ ਰਲਾ ਕੇ ਪੇਸ਼ ਕੀਤਾ ਜਾ ਰਿਹਾ ਹੈ ਕਿ ਸੀਰੀਅਲ 'ਚ ਸੰਬੰਧਤ ਕਵੀ ਦੀ ਪ੍ਰਤੀਨਿਧ ਕਵਿਤਾ ਦੀ ਝਲਕ ਅਤੇ ਉਹਦੇ ਜੀਵਨ ਦੇ ਮੁਖ ਵੇਰਵੇ ਪੇਸ਼ ਕਰ ਦਿਤੇ ਜਾਂਦੇ ਹਨ। ਇਸ ਸੀਰੀਅਲ ਦੇ ਨਿਰਮਾਤਾ ਨਿਰਦੇਸ਼ਕ ਹਨ ਡੀ. ਡੀ. ਸਵਿਤੋਜ ਅਤੇ ਖੋਜ ਆਲੇਖ ਤੇ ਪੇਸ਼ਕਸ ਸਤਨਾਮ ਚਾਨਾ ਦੀ ਹੈ। ਦੂਰਦਰਸ਼ਨ ਤੋਂ ਹਰ ਮਹੀਨੇ ਦੇ ਪਹਿਲੇ ਵੀਰਵਾਰ ਨੂੰ ਦਿਖਾਏ ਜਾਣ ਵਾਲੇ ਇਸ ਸੀਰੀਅਲ ਦੀ ਕਿਸ਼ਤ ਲਗਭਗ ੨੦ ਮਿੰਟ ਦੀ ਹੁੰਦੀ ਹੈ ਅਤੇ ਇਹਦੇ ਜਾਣ ਦਾ ਸਮਾਂ ਸ਼ਾਮ ੭ ਵਜੇ ਹੁੰਦਾ ਹੈ।

—ਬਲਬੀਰ ਪਰਵਾਨਾ

# ਤ੍ਰਾਸਦੀ ਪੰਜਾਬ ਦੀ

ਅਠ ਮਾਰਚ ਦੀ ਐਤਵਾਰ ਦੀ ਸਵੇਰ ਸੀ। ਮੈਂ ਅਜੇ ਰਜ਼ਾਈ ਦਾ ਸੁਖ ਮਾਣ ਰਿਹਾ ਸੀ ਕਿ ਮੇਰਾ ਪੰਜ ਕੁ ਵਰਿਆਂ ਦੀ ਉਮਰ ਦਾ ਪੋਤਰਾ, ਬੱਲਲ, ਮੇਰੀ ਰਜ਼ਾਈ 'ਚ ਆ ਵੜਿਆ। ਮੇਰੇ ਨਾਲ ਚਿੰਮੜ ਜਿਹਾ ਗਿਆ ਅਤੇ ਮੋਹ ਗੜੱਚਾ ਹੋ ਕੇ ਕਹਿਣ ਲਗਾ—

"ਬਾਪੂ ਜੀ, ਹੁਣ ਜਦੋਂ ਮੈਂ ਮੰਮੀ ਨਾਲ ਮੰਡੀ ਨੂੰ ਗਿਆ ਤਾਂ ਤੁਹਾਡੇ ਪਾਸੋਂ ਪੈਸੇ ਲੈ ਕੇ ਜਾਵਾਂਗਾ।" (ਮੰਡੀ ਅਹਿਮਦਗੜ੍ਹ ਉਸ ਦੇ ਨਾਨਕੇ ਹਨ)।

"ਕਿਨੇ ਪੈਸੇ ਬਈ? ਵੀਹ ਪੈਸੇ ਕਿ ਵਧ?"

"ਵਧ ਢਾਈ ਰੁਪਈਏ।"

"ਲੈ ਐਨੇ ਕੀ ਕਰਨੇ ਨੇ ਤੂੰ?"

"ਕਿਉਂ? ਮੈਂ ਦੰਬੂਕ ਲਵਾਂਗਾ।"

"ਕੀ ਕਰਨੀ ਹੈ ਪੁੱਤ ਆਪਾਂ ਨੇ ਦੰਬੂਕ?"

"ਕਿਉਂ? ਆਪਾਂ ਲੋਕਾਂ ਨੂੰ ਮਾਰਿਆ ਕਰਾਂਗੇ।"

"ਪਰ ਕਿਉਂ?" ਲੋਕ ਆਪਾਂ ਨੂੰ ਕੀ ਕਹਿੰਦੇ ਹਨ?"

ਬੱਬਲ ਮੇਰੀ ਗੱਲ ਸੁਣ ਕੇ ਕੁਝ ਸੋਚਣ ਲੱਗ ਪਿਆ।

"ਉਹ ਜੇਹੜਾ ਹੈ ਨਾ, ਉਹੋ, ਨੀਤਾ, ਉਹ ਮੈਨੂੰ ਕੁੱਟਦਾ ਹੁੰਦੈ।"

"ਠੀਕ ਹੈ, ਉਹ ਨੂੰ ਤਾਂ ਆਪਾਂ ਮਾਰਾਂਗੇ ਹੀ।" ਮੈਂ ਕਿਹਾ ਸੀ।

ਪੰਜਾਬ ਦਾ ਸਾਰਾ ਅੱਤਵਾਦ, ਅੱਤਵਾਦ ਦਾ ਕਾਰਨ ਅਤੇ ਅੱਤਵਾਦੀ ਮੇਰੀ ਰਜ਼ਾਈ ਵਿਚ ਆ ਵੜੇ ਸਨ।

ਮੈਂ, ਪੰਜਾਬ ਦਾ ਇਕ ਬੁਧੀਜੀਵੀ, ਹੋਕੇ ਭਰਨ ਤੋਂ ਸਿਵਾ ਕੁਝ ਵੀ ਨਹੀਂ ਸੀ ਕਰ ਸਕਿਆ।

—ਸੁਰਜੀਤ ਖੁਰਸ਼ੀਦੀ



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

**ਵਰਿਆਮ ਜੁਲਾਈ ੧੯੯੧**

ਸੰਤ ਨਾਨੂੰ ਸਿੰਘ ਜੀ ਸੰਬੰਧੀ ਵੱਡੇ ਲੀਡਰਾਂ ਦੇ ਭਾਸ਼ਨ ਅਤੇ ਆਪ ਜੀ ਦਾ ਇਸ ਸੰਬੰਧੀ ਸਪਸ਼ਟੀਕਰਨ ਲਈ ਆਪ ਜੀ ਨੂੰ "ਸ਼ਾਬਾਸ਼" ਦੇ ਸ਼ਬਦ ਨਾਲ ਸੰਬੋਧਨ ਕਰਦਾ ਹਾਂ।

ਲੀਡਰਾਂ ਦੇ ਭਾਸ਼ਨਾਂ ਨੂੰ ਇਤਿਹਾਸਕ ਸੱਚ ਮੰਨਣਾ ਅਪਣੇ ਆਪ ਨੂੰ ਮੂਰਖ ਬਨੌਣ ਦੇ ਬਰਾਬਰ ਹੁੰਦਾ ਹੈ। ਲੀਡਰ ਜੋ ਕੁਝ ਭੀ ਆਮ ਭੀੜ-ਪਬਲਕ ਵਿਚ ਕਹਿੰਦਾ ਹੈ ਉਸਨੂੰ ਖੁਦ ਦੂਸਰੇ ਦਿਨ ਹੀ ਭੁਲ ਜਾਂਦਾ ਹੈ। ਬਦਕਿਸਮਤੀ ਨਾਲ ਸਾਡੇ ਸਿਖ ਲੀਡਰ ਇਸ ਤਰਾਂ ਦੀਆਂ ਕਈ ਗਲਾਂ ਭਾਸ਼ਨਾਂ ਵਿਚ ਕਹਿ ਜਾਂਦੇ ਹਨ ਜੋ ਬਿਲਕੁਲ ਨਿਰਮੂਲ ਅਤੇ ਗਲਤ ਹੁੰਦੀਆਂ ਹਨ ਪਰ ਆਮ ਲੋਕ ਉਨ੍ਹਾਂ ਨੂੰ ਸੱਚ ਸਮਝਣ ਲਗ ਜਾਂਦੇ ਹਨ। ਭਾਈ ਨਾਨੂੰ ਸਿੰਘ ਮਹਾਰਾਜ ਜੀ ਦਾ ਅਨਿਨਯ ਸੇਵਕ ਸੀ। ਸੀ. ਆਈ. ਡੀ. ਦੇ ਬੰਦੇ ਹੋਰ ਸਨ ਜਿਨ੍ਹਾਂ ਦਾ ਇੰਚਾਰਜ ਡੀ.ਸੀ. ਲੁਧਿਆਣਾ ਦੇ ਮਾਤੇਹਤ ਤਹਿਸੀਲਦਾਰ ਨਰੈਣ ਸਿੰਘ ਸੀ।

ਭਾਈ ਨਾਨੂੰ ਸਿੰਘ ਮਹਾਰਾਜ ਜੀ ਨੂੰ ਰੰਗੂਨ ਤੋਂ ਮਰਗੋਈ ਲੈ ਜਾਣ ਤਕ ਉਨਾਂ ਦੀ ਸੇਵਾ ਵਿਚ ਰਿਹਾ। ਮਰਗੋਈ ਲੈ ਜਾਣ ਤੋਂ ਪਹਿਲੇ ਸਰਕਾਰ ਨੇ ਨਾਨੂੰ ਸਿੰਘ ਨੂੰ ਵਾਪਸ ਭੇਜ ਦਿਤਾ ਅਤੇ ਮਹਾਰਾਜ ਜੀ ਨੂੰ ਇਕੱਲੇ ਹੀ ਮਰਗੋਈ ਭੇਜਿਆ ਗਿਆ।

**ਨਾਹਰ ਸਿੰਘ**
ਚੰਡੀਗੜ

ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਸੇਵਕ ਗੜਵਈ ਬਾਰੇ ਮਾਨ ਸਾਹਿਬ ਦਾ ਬਿਆਨ ਅਖਬਾਰ ਵਿਚ ਪੜ੍ਹਿਆ ਸੀ, ਉਦੋਂ ਤੋਂ ਹੀ ਮਨ ਕਰ ਰਿਹਾ ਸੀ ਕਿ ਤੁਹਾਨੂੰ ਲਿਖਾਂ ਬਈ ਤੁਸੀਂ ਇਸ ਬਾਰੇ ਵਰਿਆਮ ਦੇ ਪੰਨਿਆਂ ਵਿਚ ਸਾਨੂੰ ਸਹੀ ਜਾਣਕਾਰੀ ਦੇਵੋ। ਸਾਨੂੰ ਤਾਂ ਨਾਮਧਾਰੀ ਇਤਿਹਾਸ ਅਤੇ ਸਰਗਰਮੀਆਂ ਬਾਰੇ ਤੁਹਾਡੇ ਰਾਹੀਂ ਹੀ ਜਾਣਕਾਰੀ ਮਿਲਦੀ ਹੈ। ਪਰੰਤੂ ਲਿਖਦਾ ਲਿਖਦਾ ਹੀ ਰਹਿ ਗਿਆ।

ਜੁਲਾਈ ੯੧ ਦੇ ਅੰਕ ਵਿਚ ਇਸ ਸੰਬੰਧੀ ਦਸਤਾਵੇਜ਼ ਪੜ੍ਹੇ, ਮਨ ਨੂੰ ਸੰਤੁਸ਼ਟੀ ਹੋਈ। ਆਪਣੇ ਮੁਫਾਦ ਲਈ ਦੂਸਰਿਆਂ ਤੇ ਇਸ ਹੱਦ ਤੱਕ ਚਿੱਕੜ ਸੁੱਟਿਆ ਜਾ ਸਕਦਾ ਹੈ, ਅਜੋਕੀ ਰਾਜਨੀਤੀ ਦੀ ਇਹੀ ਦੇਣ ਹੈ।

ਤੁਹਾਡੀ ਰੀਪੋਰਟ ਨੇ ਸਾਡੇ ਸੰਸੇ ਦੂਰ ਕਰਕੇ ਇਤਿਹਾਸ ਬਾਰੇ ਸਹੀ ਜਾਣਕਾਰੀ ਦਿਤੀ ਹੈ, ਬਹੁਤ ਬਹੁਤ ਮਿਹਰਬਾਨੀ।

'ਕੋਸ਼ ਸ਼ਬਦ' ਦੀ ਜਾਣਕਾਰੀ ਭਰਪੂਰ ਕਾਲਮ ਹੈ।

ਸਵਿਤੋਜ ਨੇ ਹਮੇਸ਼ਾਂ ਵਾਂਗ ਇਸ ਵਾਰ ਵੀ ਵਧੀਆ ਗੱਲਾਂ ਕੀਤੀਆਂ ਹਨ।

**ਸੁਰਿੰਦਰ ਰਾਮਪੁਰੀ**
ਰਾਮਪੁਰ

ਜੁਲਾਈ ੧੯੯੧ ਦਾ ਵਰਿਆਮ ਦਾ ਪਰਚਾ ਮਿਲਿਆ ਪੜ ਕੇ ਬੜਾ ਮਜ਼ਾ ਆਇਆ। ਭਾਵੇ ਛੋਟਾ ਹੀ ਸੀ।

ਨਾਨੂੰ ਸਿੰਘ ਵਾਲੀ ਗੱਲ ਇਤਿਹਾਸਕ ਹੈ। ਤੇ ਸਾਡੇ ਇਤਿਹਾਸ ਨੂੰ ਵਿਗਾੜਣ ਵਾਲੇ ਸਾਡੇ ਆਪਣੇ ਹੀ ਹਨ। ਇਸ ਕਰਕੇ ਇਸ ਤੇ ਬਹੁਤਾ ਸ਼ਕ ਕਰਨ ਦਾ ਕੋਈ ਫੈਦਾ ਨਹੀਂ।

ਲਖਵਿੰਦਰ ਜੌਹਲ ਦੇ ਪਹਿਲਾਂ ਲੇਖ ਚੰਗੇ ਹੁੰਦੇ ਹਨ। ਗਿਆਨ ਵਾਲੇ ਭਾਵੇ ਰਖਦੇ ਹਨ। ਤੇਜ਼ ਰਫਤਾਰੀ ਵੀ ਚੰਗਾ ਲੇਖ ਹੈ।

ਸਵਿਤੋਜ ਨੇ ਚੰਗਾ ਕੀਤਾ ਏ ਕਿ ਆਹੂਜਾ ਜੀ ਨੂੰ ਜਿਉਦਿਆਂ ਰਖਿਆ ਏ। ਕਿਉਂਕਿ ਸਾਹਿਤਕਾਰ ਤੇ ਕਲਾਕਾਰ ਉਹਨਾਂ ਚਿਰ ਜਿਉਂਦੇ ਰਹਿੰਦੇ ਨੇ ਜਿੰਨਾਂ ਚਿਰ ਉਹਨਾਂ ਦੀਆਂ ਕਿਰਤਾਂ ਨੂੰ ਤੇ ਉਹਨਾਂ ਦੇ ਜੀਵਨ ਬਾਰੇ ਬਾਰ ਬਾਰ ਅਧਿਆਨ ਕੀਤਾ ਜਾਂਦਾ ਏ।

ਆਪ ਜੀ ਦੀ ਰੀਪੋਰਟ ਪੜ ਕੇ ਪਤਾ ਲਗਾ ਏ। ਭਾਰਤੀ ਜੀ ਨੂੰ ਸਤਿਗੁਰਾਂ ਵਲੋਂ ਕਾਰ ਦਿਤੀ ਗਈ। ਕਾਰ ਦੇਣ ਵਾਲਿਆ ਤੇ ਕਾਰ ਲੈਣ ਵਾਲਿਆਂ ਨੂੰ ਸਾਡੇ ਵਲੋਂ ਵਧਾਈ ਹੋਵੇ ਜੀ।

**ਹਰਭਜਨ ਸਿੰਘ ਬਾਜਵਾ**
ਬਾਜਵਾ ਫੋਟੋਜ਼, ਬਟਾਲਾ

'ਸਾਹਿਤਕਾਰ ਕਾਰ ਸਹਿਤ' ਲਿਖ ਕੇ ਆਪ ਨੇ ਸਭਨਾਂ ਦੀਆਂ ਅੰਦਰ ਬਾਹਰ ਦੀਆਂ ਗੱਲਾਂ ਉਜਾਗਰ ਕਰ ਦਿਤੀਆਂ ਨੇ। ਲਗਦੈ ਬੜੇ ਹੀ ਇਕਾਗਰ ਚਿਤ ਨਾਲ ਬਹਿ ਕੇ ਆਪ ਨੇ ਇਹ ਸਭ ਲਿਖਿਆ ਹੈ। ਬੇਬਾਕੀ ਤਾਂ ਆਪ ਦੀ ਇਸ ਲਿਖਤ ਵਿਚ ਹੈ ਹੀ, ਸੰਜਮ ਵੀ ਓੜਕ ਦਾ ਹੈ ਤੇ ਸਨੇਹੇ ਵੀ ਪੱਕੇ ਨੇ। ਵਧਾਈ ਦੇ ਨਾਲ ਧੰਨਵਾਦ ਵੀ ਵਸੂਲ ਪਾਓ।...

ਲਖਵਿੰਦਰ ਜੌਹਲ ਦੀ ਤੇਜ਼ ਰਫ਼ਤਾਰੀ ਵਿਸ਼ੇਸ਼ ਤੌਰ ਤੇ ਚੰਗੀ ਲੱਗੀ ਹੈ। ਜੇਕਰ ਥੋਹੜਾ ਜਿਹਾ ਦੂਜੇ ਸਿਰੇ ਤੋਂ ਵੇਖੋਂ ਤਾਂ 'ਮਾਨਸਿਕਤਾ' ਨੂੰ ਸੀਮਾਵਾਂ ਤੋਂ ਆਜ਼ਾਦ ਕਰਕੇ ਵੇਖਣ ਨਾਲ ਉਹ ਬ੍ਰਹਿਮੰਡ-ਵਿਆਪੀ ਹੋ ਜਾਏਗੀ ਤੇ ਵਿਗਿਆਨ ਉਸ ਦਾ ਪਰਤੌ ਲਗਦਾ ਹੋਇਆ ਉਸੇ ਦਾ ਅਨੁਕਰਨ ਕਰਦਾ ਵੀ ਲਗ ਸਕਦਾ ਹੈ।

**ਅਮਰ ਭਾਰਤੀ**
ਨਵੀਂ ਦਿੱਲੀ


Sri Satguru Jagjit Singh Ji eLibrary NamdhariElibrary@gmail.com

ਇਸ ਵਾਰੀ ਡਾਕਟਰ ਆਹੂਜਾ ਵਾਲਾ ਲੇਖ ਪੜ੍ਹਿਆ। ਵਿਅਕਤੀਗਤ ਗਲਾਂ ਦੀ ਵੀ ਕੋਈ ਹੱਦ ਹੁੰਦੀ ਹੈ। ਕੀ ਇਹ ਵਿਅਕਤੀ ਚਿੱਤਰ ਹੈ ? ਸਾਡੇ ਅਜ਼ੀਜ਼ ਨੂੰ ਜ਼ਰਾ ਪੁੱਛਣਾ ਤਾਂ ਸਹੀ ਕਿ ਉਸ ਦਾ ਇਹ ਲੇਖ ਲਿਖਣ ਦਾ ਕੀ ਮੰਤਵ ਸੀ ।

**ਧਰਮਪਾਲ ਸਿੰਗਲ**
ਚੰਡੀਗੜ੍ਹ,

ਕਈ ਵਾਰ ਲਿਖਣ ਨੂੰ ਜੀ ਵੀ ਕੀਤਾ ਹੈ ਪਰ ਜਾਂ ਜਦੋ ਜਾਂ ਕਦੇ ।

ਮੈਂ ਸਤਿਗੁਰੂ ਪ੍ਰਤਾਪ ਸਿੰਘ ਬਾਰੇ ਦਿੱਲੀ ਵਾਲੀ ਗੋਸ਼ਟੀ ਤੋਂ ਬਹੁਤ ਪ੍ਰਭਾਵਤ ਹੋਇਆ ਸੀ। ਉਸ ਸੰਬੰਧੀ ਕਈ ਵਾਰ ਲਿਖਣ ਦਾ ਵਿਚਾਰ ਬਣਿਆ ਪਰ ਪੋਸਟਪੋਨ ਹੀ ਹੁੰਦਾ ਗਿਆ। ਵਿਚਾਰ ਜੋ ਤਾਜ਼ੇ ਲਿਖੇ ਜਾ ਸਕਦੇ ਹਨ ਉਹ ਦੇਰ ਬਾਦ ਨਹੀਂ । ਗੋਸ਼ਟੀ ਬਾਰੇ ਜਿਸ ਸਖਸ਼ੀਅਤ ਨੂੰ ਵਿਚਾਰ ਫੁਰਿਆ ਸੀ, ਸਭ ਤੋਂ ਵਧ ਪ੍ਰੰਸਸਾ ਦਾ ਹਕਦਾਰ ਉਹ ਹੈ । ਬਾਕੀ ਹੋਰ ਸਭ ਵੀ ਜਿਨ੍ਹਾਂ ਯੋਗਦਾਨ ਪਾਇਆ ਸੀ । ਵਿਸ਼ੇ ਬਹੁਤ ਦਿਲਚਸਪ ਸਨ ਅਤੇ ਹੋਰ ਵੀ ਲੱਭੇ ਜਾ ਸਕਦੇ ਸਨ। ਗਿਆਨੀ ਗੁਰਬਚਨ ਸਿੰਘ ਅਤੇ ਕਸੇਲ ਜੀ ਦੇ ਵਿਸ਼ੇ ਵਧੇਰੇ ਟੁੰਬਵੇਂ ਸਨ। ਕੀ ਗੋਸ਼ਟੀ ਦੀ ਵੀਡੀਓ ਫਿਲਮ ਵੀ ਬਣੀ ਸੀ ? ਪਹਿਲਾਂ ਪਹਿਲ ਮੈਂ ਪੰਜਾਬੀ ਟ੍ਰਿਬਿਊਨ ਵਿਚ ਇਸ ਗੋਸ਼ਟੀ ਬਾਰੇ ਲੇਖ ਪੜ੍ਹਿਆ ਸੀ ਤੇ ਮਗਰੋਂ ਵਰਿਆਮ ਰਾਹੀਂ ਵਿਸਤਾਰ ਵਾਲੀ ਰਿਪੋਟ ।

ਪਿਛੇ ਜਹੇ ਇਕ ਪਰਚਾ ਬੜਾ ਵਿਸਤ੍ਰਿਤ ਅਤੇ ਅਕਰਸ਼ਕ ਆਇਆ ਸੀ ਸ਼ਾਇਦ ਹੋਲੇ ਬਾਰੇ ਰਿਪੋਟ ਵਾਲਾ ਸੀ, ਉਦੋਂ ਵੀ ਲਿਖਦਾ ਲਿਖਦਾ ਰਹਿ ਗਿਆ।

ਅਪਣੇ ਮਿਤ੍ਰ ਸ੍ਰੀ ਜੈ ਕਿਸ਼ਨ ਸੈਣੀ (ਸ਼ਾਇਦ ਰੂਸ ਯਾਤਰਾ ਵੇਲੇ ਵੀ ਇਹ ਸਾਥੀ ਸਨ) ਦੀ ਸਫਲਤਾ ਲਈ ਵਧਾਈ ਵੀ ਪੈਂਡਿੰਗ ਸੀ।

**ਭਗਤ ਸਿੰਘ**
ਚੰਡੀਗੜ੍ਹ ।

## ਝੂਠ-ਸੱਚ

"ਝੂਠ ਝੂਠ ਹੈ, ਸੱਚ ਸੱਚ ਹੈ। ਇਹ ਛੋਟੇ ਜਾਂ ਵੱਡੇ ਨਹੀਂ ਹੋ ਸਕਦੇ। ਜ਼ਿੰਦਗੀ ਵੀ ਹੈ, ਮੌਤ ਵੀ। ਜਦੋਂ ਮੌਤ ਆਉਂਦੀ ਹੈ ਤਾਂ ਜ਼ਿੰਦਗੀ ਨਹੀਂ ਰਹਿੰਦੀ, ਤੇ ਇਸ ਦੇ ਉਲਟ, ਜਦੋਂ ਤੱਕ ਇਕ ਵੀ ਪ੍ਰਾਣ ਬਾਕੀ ਹੈ, ਅਜੇ ਮੌਤ ਨਹੀਂ ਆਈ। ਇਹ ਨਾਲੋ ਨਾਲ ਨਹੀਂ ਚੱਲ ਸਕਦੀਆਂ। ਇਹ ਹੋਵੇ ਤਾਂ ਦੂਜੀ ਨਹੀਂ ਹੁੰਦੀ। ਝੂਠ ਤੇ ਸੱਚ ਦਾ ਵੀ ਇਹੀ ਹਾਲ ਹੈ।"

# ਮੇਰੀ ਵੀ ਸੁਣੋ ਸੰਪਾਦਕੋ !

## —ਸੰਪਾਦਕ ਵਰਿਆਮ (ਜਗਦੀਸ਼—ਜਗਤ+ਈਸ ਸਿੰਘ) ਨੂੰ ਸੰਬੋਧਿਤ

**—ਡਾ: ਬਲਦੇਵ ਰਾਜ ਗੁਪਤਾ**

ਕਹਿੰਦੇ ਹਨ ਕੰਮ ਨਹੀਂ ਤਾਂ ਘੜੰਮ ਸਹੀ। 'ਕੋਈ ਕਾਮ ਨਾ ਹੋ ਤੋ ਕਪੜੇ ਹੀ ਉਧੇੜ ਕਰ ਸੀਆ ਕਰ'। ਐਸਾ ਨਹੀਂ ਕਿ ਮੈਂ ਵੇਹਲਾ, ਰੀਟਾਇਰਡ ਹੋ ਗਿਆ ਹਾਂ। ਕੰਮਾਂ ਦਾ ਅੰਤ ਨਹੀਂ। ਅੱਜ ਕਲ ਅਗਲੇ ਪਿਛਲੇ ਲੇਖਾਂ, ਰਚਨਾਵਾਂ ਦੀ ਬਹੀ ਖੋਲੀ ਹੈ ਕਿ ਕਿਨ੍ਹਾਂ ਸੰਪਾਦਕਾਂ ਨੇ ਮੇਰੀ ਰਚਨਾ ਦੀ ਪ੍ਰਾਪਤੀ/ਸ੍ਵੀਕ੍ਰਿਤੀ/ਪ੍ਰਕਾਸ਼ਿਤ ਕਾਪੀ ਨਹੀਂ ਭੇਜੀ। ਕਿਸੇ ਨੇ ਰਖੜੀ ਬਾਰੇ, ਕਿਸੇ ਨੇ ਭਗਵਤ ਗੀਤਾ ਬਾਰੇ, ਕਿਸੇ ਨੇ ਪ੍ਰੋ. ਤੋਂ ਮਾਸਟਰ ਤਕ (ਫਲੈਸ਼ ਬੈਕ) ਬਾਰੇ ਸ੍ਵੀਕ੍ਰਿਤੀ ਨਹੀਂ ਭੇਜੀ, ਸੋ ਮੇਰੇ ਕੋਲ ਅਗਸਤ, ਸਤੰਬਰ ਦੇ ਅੰਕਾਂ ਲਈ ਮੈਟਰ ਕਾਰਬਨ ਕਾਪੀ ਦੇ ਰੂਪ ਵਿਚ ਮਿਲਿਆ।

ਵਰਿਆਮ ਨੂੰ ਕਦੀ 'ਮੇਰੀ ਵੀ ਸੁਣੋ ਸਰਸਵਤੀ' ਲੇਖ ਭੇਜਿਆ ਸੀ। ਉਤਰ ਆਇਆ ਸੀ, 'ਉਹ ਮਿਲਿਆ ਹੀ ਨਹੀਂ'। ਮੁੜ ਲਿਖ ਕੇ ਭੇਜਿਆ ਸੀ ਤਾਂ ਉਤਰ ਹੀ ਨਹੀਂ ਆਇਆ ਕਿ ਮਿਲਿਆ ਜਾਂ ਨਹੀਂ, ਛਪਿਆ ਜਾਂ ਨਹੀਂ ? ਚੁੱਪ ! ਉਹਨਾਂ ਵਾਸਤੇ ਇਕ ਚੁਪ ਸੌ ਸੁਖ ਪਰ ਇਥੇ...... ਅਕਤੂਬਰ ੮੮ ਦੇ ਵਰਿਆਮ ਦੀ ਆਖਰੀ ਕਾਪੀ ਮਿਲੀ ਸੀ ਤੇ 'ਹੜਾਂ ਦੇ ਪ੍ਰਕੋਪ' ਨੂੰ ਪੜ੍ਹਕੇ ਹੜਾਂ ਬਾਰੇ ਕਵਿਤਾ ਕੋਲੀ-ਗਜ਼ ਨੂੰ ਸੁਣਾਈ ਸੀ, ਪਰ ਹੁਣ ਮਿਲੀ ਨਹੀਂ। ਇਹ ਤਾਂ ਚਲੋ ਮੇਰਾ ਕਸੂਰ ਹੈ ਕਿ ਕਵਿਤਾ ਕਿਤੇ ਰਖ ਬੈਠਾ, ਜਾਂ ਰਾਹ ਦਸੇਰਾ ਅਪਰੈਲ ੮੭ ਨਹੀ ਮਿਲਦਾ ਕਿਉਂਕਿ ਉਸ ਵਿਚ ਗੁਰੂ ਨਾਨਕ ਦਰਸ਼ਨ ਦੇ ਸੁਪਨੇ ਵਾਲੀ ਮੇਰੀ ਕਵਿਤਾ ਸੀ, ਜਾਂ ਅਕਸ ੬/੭੬ ਨਹੀਂ ਮਿਲਦਾ ਜਿਸ ਵਿਚ ਮੇਰਾ ਲੈਟਰ ਸੀ। ਉਂਜ ਲਗਦਾ ਮੇਰਾ ਇਹ ਮਾਲ ੨੫-੯-੮੮ ਨੂੰ ਮੇਰੇ ਵਿਭਾਗ ਵਿਚ ਆਏ ਹੜ ਵਿਚ ਰੁੜ ਗਿਆ ਸੀ। ਮਜ਼ੇ ਦੀ ਗਲ ਇਹ ਕਿ ਇਹਨਾਂ ਦੇ ਸੰਪਾਦਕ ਫੋਟੋਸਟੇਟ ਕਾਪੀ ਵੀ ਨਹੀਂ ਭੇਜਦੇ। ਰੀਮਾਂਇੰਡਰਜ ਦੀ ਕੋਈ ਪਰਵਾਹ ਨਹੀਂ ਕਰਦਾ। ਕੋੜੀ ਕੁ ਅਪ੍ਰਕਾਸ਼ਿਤ ਕਹਾਣੀਆਂ ਲੇਖ ਇਹਨਾਂ ਨੂੰ ਭੇਜੇ ਸਨ। ਸੈਕੰਡ ਕਾਪੀ ਹੈ, ਪਰ ਪਤਾ ਨਹੀਂ ਕਿਹੜੇ ਖੂਹ ਖਾਤੇ ਲੱਗ ਗਏ ਹਨ।

ਇਸ ਦੁਖੜੇ ਵਿਚ ਵਰਿਆਮ ਦੇ ਅੰਕ ਫਰੋਲਣ ਲਗਾ। ਮੁਲਾਂ ਦੀ ਦੌੜ ਮਸਜਿਦ ਤੱਕ ਸੀ। ਸੋਚਿਆ ਸੈਕੰਡ ਕਾਪੀ ਰਖੜੀ, ਗੀਤਾ, ਮਾਸਟਰ-ਪ੍ਰੋ: ਲੇਖਾਂ ਦੀ ਵਰਿਆਮ ਨੂੰ ਭੇਜ ਦੇਵਾਂ। ਦੁਬਿਧਾ ਘੇਰਿਆ ਪਾਇਆ—ਕਿਤੇ ਅਗਸਤ,

Sri Satguru Jagjit Singh Ji eLibrary NamdhariElibrary@gmail.com

ਸਤੰਬਰ ੯੧ ਅੰਕ ਪ੍ਰੈਸ ਵਿਚ ਹੋਵੇ ਜਾਂ ਇਹ ਵੀ ਉਤਰ ਨਾ ਦੇਵੇ ਤਾਂ ਸੈਕੰਡ ਕਾਪੀ ਵੀ ਜਾਂਦੀ ਰਹੇ। ਸੋ ਨਾਲ ਨੱਥੀ ਨਵੀਂ ਸਿਰਜਨਾ ਸਿਰਜ ਬੈਠਾ। ਵੇਖੋ ਵਰਿਆਮ ਹੁੰਗਾਰਾ ਭਰਦਾ ਜਾਂ ਨਹੀਂ।

ਪੁਰਾਣੇ ਅੰਕਾਂ 'ਚੋਂ ਕਿਸ਼ਨ ਦੀ ਫੋਟੋ ਵਾਲਾ ਅਗਸਤ ੮੯ ਦਾ ਅੰਕ ਵੀ ਹੱਥ ਲਗਾ। ਇਸੇ ਮਹੀਨੇ ਮੈਂ ਜੰਮਿਆ ਤੇ ਉਹ ਵੀ ਰਖੜੀ ਵਾਲੇ ਦਿਨ। ਸੋ ਦਿਲ ਕੀਤਾ ਰਖੜੀ ਕ੍ਰਿਸ਼ਨ ਦੇ ਲੇਖ ਭੇਜ ਦੇਵਾਂ। ਫੇਰ ਸੋਚਿਆ ਚਲੋ ਉਤਰ ਉਡੀਕ ਲੈਣਾ। ਇਸੇ ਅੰਕ ਵਿਚ ਪੰਨਾ ੨੧ ਤੇ ਆਪਣੇ ਬਹੁ ਇਨਾਮਾਂ ਦੀ ਖਬਰ ਵੀ ਵੇਖੀ (ਉਸ ਵੇਲੇ ਸ਼ਾਇਦ ਵੇਖਣੀ ਰਹਿ ਗਈ ਸੀ)। ਖੈਰ ਖਬਰਾਂ ਵੀ ਜੰਮ ਜੰਮ ਛਪਣ, ਪਰ ਮੈਂ ਚਾਹੁੰਦਾ ਹਾਂ ਕਿ ਪਹਿਲੇ ਮੇਰੇ ੨੦-੫ ਅਪ੍ਰਕਾਸ਼ਿਤ ਲੇਖ ਨਿਕਲ ਜਾਣ ਤਾਂ ਜੋ ਤਖਤ ਤੋਂ ਤਖਤੇ ਤੱਕ ਦੀ ਯਾਤਰਾ ਸੁਰਖਰੂ ਹੋ ਕੇ ਪੂਰੀ ਹੋ ਸਕੇ। ਨਿਤ ਅਰਦਾਸ ਕਰਦਾ ਹਾਂ--

ਨਾਸ਼ਵਾਨ ਇਸ ਦੁਨੀਆਂ ਉਤੋਂ, ਜਿਸ ਵੇਲੇ ਮੈਂ ਜਾਂ।\
ਵਿਦਿਅਕ ਕੰਮ ਵੱਡ ਤੋਂ ਵੱਡੋ, ਮੁਕਣ ਮੇਰੇ ਨਾਂ।

੨੯-੯-੮੫ ਦੀ ਰਚਨਾ 'ਚੋਂ

ਸੁਖ ਨਾਲ ਦਸ ਕਿਤਾਬਾਂ ਪ੍ਰਕਾਸ਼ਿਤ ਹਨ, ਗੁਰੂ ਸਾਹਿਬਾਨ, ਡਾ. ਅੰਬੇਦਕਰ, ਫਰੀਦ ਤੋਂ ਅਜੋਕੇ ਪੰਜਾਬੀ ਸਾਹਿਤ ਤੱਕ, ਸਿਰਜਨਾਤਮਕ ਰਚਨਾ-ਸੰਗ੍ਰਹਿ ਤੇ ਫੈਲੋਸ਼ਿਪ ਪ੍ਰਾਜੈਕਟ 'ਜੰਮੂ-ਕਸ਼ਮੀਰ ਦਾ ਪੰਜਾਬੀ ਸਾਹਿਤ ਤੇ ਭਾਸ਼ਾ' ਪੰਜ ਪਾਂਡੁਲਿਪੀਆਂ ਤਿਆਰ ਹਨ। ਹੋਰ ਕੀ ਚਾਹੀਦਾ ਹੈ? ਹੈਡ ਸਾਂ, ਫੈਲੋ ਸਾਂ, ਪ੍ਰੋ. ਹਾਂ, ਚੰਗੀ ਪਤਨੀ ਹੈ, ਚੰਗੇ ਬੱਚੇ ਹਨ।

—**ਬਲਦੇਵ ਰਾਜ ਗੁਪਤਾ**

ਏ-੨੦ ਨਿਊ ਯੂਨੀਵਰਸਟੀ ਕੈਂਪਸ ਜੰਮੂ ਤੱਵੀ ੧੮੦੦੦੪

ਨਰਸਿੰਹ ਰਾਓ ਤੋਂ ਇਨਾਮ ਪ੍ਰਾਪਤ ਕਰਤਾ ਡਾ, ਪ੍ਰੋ. ਫੈਲੋ (੯-੯-੯੧) ਬਲਦੇਵ ਰਾਜ ਗੁਪਤਾ ਦੀ ਦਸਵੀਂ 'ਜੰਮੂ-ਕਸ਼ਮੀਰ ਵਿਚ ਪ੍ਰਕਾਸ਼ਿਤ—ਪੰਜਾਬੀ ਸਾਹਿਤ : ਭਾਸ਼ਾ-ਗਤ ਚਿੰਤਨ (੧੯੭੦-੯੦) ੧-੨-੯੧ ਦੇ ਆਰੰਭ ਵਿਚ ਛਪ ਗਈ ਹੈ। ਪ੍ਰਕਾਸ਼ਕ ਗਿਆਨਦੀਪ ਦਿਲੀ ਹੈ। ਇਸ ਵਿਚ ੧੯੭੦-੯੦ ਤੱਕ ਜੰਮੂ-ਕਸ਼ਮੀਰ ਬਾਰੇ ਡਾ. ਗੁਪਤਾ ਦੀ ਕੇਵਲ ਪ੍ਰਕਾਸ਼ਿਤ ਸਮਗਰੀ ਹੈ। ਫੈਲੋਸ਼ਿਪ ਦੇ ਪ੍ਰਾਜੈਕਟ 'ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਭਾਸ਼ਾ' ਤੋਂ ਇਹ ਅਡਰੀ ਪੁਸਤਕ ਹੈ। ਇਹਨਾਂ ਕੋਲੋਂ ਜੇ. ਕ., ਪੰਜਾਬ ਤੇ ਬਾਹਰਲੇ ਉਚੇਚੇ ਰਚਨਾਵਾਂ ਲਿਖਵਾਉਂਦੇ ਹਨ, ਪਰ ਜੇ ਇਹਨਾਂ ਨੂੰ ਪ੍ਰਕਾਸ਼ਿਤ ਕਾਪੀ। ਸ੍ਰੀਕ੍ਰਿਤੀ ਸੂਚਨਾ ਨਾ ਮਿਲੇ ਤਾਂ ਭਾਵੁਕਤਾ ਵਿਚ ਹੋਰ ਰਚਨਾ ਲਿਖ ਕੇ ਚੈਨ ਨਾਲ ਸੌਂਦੇ ਹਨ।

—**ਸੰਪਾਦਕ**

# ਸਾਹਿਤ ਅਕਾਦਮੀ ਪੁਰਸਕਾਰ (ਅਨੁਵਾਦ) ਲਈ ਸਮਾਗਮ

੨੧ ਅਗਸਤ ਨੂੰ ਤ੍ਰਿਵੇਣੀ ਕਲਾ ਸੰਗਮ ਨਵੀਂ ਦਿਲੀ ਵਿਚ ਭਾਰਤੀ ਸਾਹਿਤ ਅਕਾਦਮੀ ਨੇ ਇਕ ਵਿਸ਼ੇਸ਼ ਸਮਾਗਮ ਕੀਤਾ। ਇਸ ਵਿਚ ਡਾ. ਅਮਰ ਭਾਰਤੀ ਅਤੇ ਹੋਰ ਲੇਖਕਾਂ ਨੂੰ ਅਨੁਵਾਦ ਦੇ ਖੇਤਰ ਵਿਚ ਸਰਵੋਤਮ ਕਾਰਜ ਲਈ ਪੁਰਸਕਾਰ ਦਿਤੇ ਗਏ। ਅਕਾਦਮੀ ਦੇ ਮੀਤ ਪ੍ਰਧਾਨ ਨੇ ਸਾਹਿਤਕਾਰਾਂ ਦੇ ਗਲਾਂ ਵਿਚ ਹਾਰ ਪਾਏ। ਦਸ ਹਜ਼ਾਰ ਦਾ ਚੈਕ ਅਤੇ ਮਾਨ ਪੱਤਰ ਵਾਲਾ ਸ਼ਿੰਗਾਰ ਬਕਸ ਪੁਰਸਕਾਰਿਤ ਸਾਹਿਤਕਾਰਾਂ ਨੂੰ ਅਕਾਦਮੀ ਦੇ ਪ੍ਰਧਾਨ ਸ੍ਰੀ ਵੀਰੇਂਦਰ ਭਟਾਚਾਰੀਆ ਨੇ ਦਿਤਾ। ਵਿਸ਼ੇਸ਼ ਮਹਿਮਾਨ ਡਾ. ਕਰਨ ਸਿੰਘ ਨੇ ਵੀ ਹਰ ਵਾਰ ਉਠ ਕੇ ਸੁਆਗਤ ਕੀਤਾ। ਸਾਹਿਤਕਾਰਾਂ ਦੀ ਜਾਣ ਪਛਾਣ ਅਕਾਦਮੀ ਦੇ ਸਕੱਤਰ ਸ੍ਰੀ ਚੌਧਰੀ ਨੇ ਕਰਵਾਈ। ਸਾਰਿਆਂ ਨੇ ਅਨੁਵਾਦ ਬਾਰੇ ਭਾਸ਼ਣ ਦਿਤੇ। ਡਾ: ਅਮਰ ਭਾਰਤੀ ਨਾਲ ਡਾ: ਹਰਿਭਜਨ ਸਿੰਘ ਜੀ, ਸ. ਤਾਰਾ ਸਿੰਘ ਅਣਜਾਨ ਅਤੇ ਸ: ਸਰਬ ਸ਼ਕਤੀਮਾਨ ਸਿੰਘ ਸੰਪਾਦਕ ਵਰਤਮਾਨ ਹਿੰਦੁਸਤਾਨ ਵੀ ਸਮਾਗਮ ਵਿਚ ਪਧਾਰੇ।...

---

## ਕਹਿੰਦੇ ਨੇ

ਧਰਤੀ ਉਤੇ ਸਭ ਤੋਂ ਘਿਨਾਉਣਾ ਤੇ ਬਦਸੂਰਤ ਦ੍ਰਿਸ਼ ਕਿਹੜਾ ਹੈ?

"ਡਰ ਨਾਲ ਕੰਬਦਾ ਆਦਮੀ"

ਤੇ ਇਸ ਤੋਂ ਵੀ ਜ਼ਿਆਦਾ ਘਿਨਾਉਣਾ ਤੇ ਬਦਸੂਰਤ ਦ੍ਰਿਸ਼?"

"ਡਰ ਨਾਲ ਕੰਬਦਾ ਆਦਮੀ"

ਰਸੂਲ ਹਮਜ਼ਾਤੋਵ

ਇਸ ਦੁਨੀਆ ਵਿਚ ਚੰਗੇ ਕੰਮ ਕਰਦਿਆਂ ਬੇਸ਼ਕ ਸੌ ਸਾਲ ਜੀਣ ਦੀ ਇਛਾ ਕਰੋ।

—ਈਸ਼ ਉਪਨਿਸ਼ਦ

ਸਿਰਫ ਨੇਕ ਹੀ ਨਾ ਬਣੋ\
ਕਿਸੇ ਨਾਲ ਨੇਕੀ ਕਰੋ ਵੀ

—ਥਰੋਓ

ਤੁਹਾਡੀ ਚੰਗਿਆਈ ਵਿਚ ਕੁਝ ਜਾਨ ਹੋਣੀ ਚਾਹੀਦੀ ਹੈ, ਨਹੀਂ ਤਾਂ ਇਹ ਕੁਝ ਵੀ ਨਹੀਂ। —ਐਮਰਸਨ


Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- **Concrete Mixers of all Sizes**
- **Pan Mixers**
- **Vibrators of all Types**
- **Tower Hoists**
- **Hydraulic Press**
- **Spare Parts of all Makes Concrete Mixers**



CONCETE MIXER 7/5

Phones Office : 529033
Factory : 501973
Resi. : 536093

# BALWANT SINGH & SONS

Office: 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp, C-70 N[illegible]

Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM SEPTEMBER 1991
Ladowali Rd, Jalandhar-144001.
Registered with the Registrar of News Papers for India No. 26453/75

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਰੰਗ ਬਰੰਗੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

### ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS
FOR ALL KINDS, IN ATTRACTIVE AND GUARANTEED FAST COLOURS
WOODEN & STEEL FURNITURE
& PADESTALFAN ETC.**

Phones : Office : 2528411
" : 2510345
Resi. : 6845441

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ

Sri Satguru Jagjit Singh Ji eLibrary NamdhariElibrary@gmail.com